# ਵਰਿਆਮ

ਅਗਸਤ ੧੯੮੬



ਪਾਪਨ ਕੇ ਬਧ ਕਾਰਨ ਸੋ ਅਵਤਾਰ ਬਿਖੈ ਬ੍ਰਿਜ ਕੇ ਅਬ ਲੀਆ ।

—ਦਸਮ ਗ੍ਰੰਥ ਪੰਨਾ ੩੦੪

ਭਗਵਾਨ ਕ੍ਰਿਸ਼ਨ ਦੁਆਰਾ ਉਚਾਰਿਤ ਗੀਤਾ ਉਪਦੇਸ਼ ਦੇ ਪੰਜਾਬੀ ਕਾਵਿ ਰੂਪਾਂਤਰ
ਦੇ ਕੁਝ ਅੰਸ਼ ਪੰਨਾ ੯ ਤੇ ਵੇਖੋ ।

Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਣਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

੧ਓ ਫੋਨ : 2737

## ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਂਈਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ। ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।

★ ਬੋਰਿੰਗ, ਗ੍ਰਾਂਈਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮਰਮਤੀਜ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਹੋਰ ਪ੍ਰਬੰਧ ਮੁਕੰਮਲ ਹੈ।

: ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ। ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਵਿਘਨ ਨਹੀਂ ਆਉਂਦੀ।

ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ
ਪ੍ਰੋ: ਲਛਮਣ ਸਿੰਘ ਨਾਮਧਾਰੀ
10, ਇੰਡਸਟ੍ਰੀਅਲ ਏਰੀਆ, ਫਗਵਾੜਾ।

ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨੀ, ਨੇਤ੍ਰੀ ਜਗਤੁ ਨਿਹਾਲਿਆ

—ਗੁਰੂ ਨਾਨਕ ਦੇਵ

ਫੋਨ : ੭੨੮੬
੭੪੭੩

## ਨਾਮਧਾਰੀ ਟੈਂਟ ਹਾਊਸ

### ਹਮੀਦੀਆ ਰੋਡ

### ਭੋਪਾਲ (ਮ: ਪ੍ਰ:)



Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਵਰਿਆਮ ਅਗਸਤ ੧੯੮੬

ਜਿਲਦ ੧੧ ਅੰਕ : ੧੦


## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| ਵਿਦੇਸ਼ ਸਾਲਾਨਾ | | |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |








ਬੀਬੀ ਮਹਿੰਦਰ ਕੌਰ ਬਾਵਲਾ ਪਿਛਲੇ ਸਾਲ ਲੈਕਸਿੰਗਟਨ ਅਮਰੀਕਾ ਵਿਖੇ ੨੧ ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ । ਨਾਮਧਾਰੀ ਪੰਥ ਦੀ ਪ੍ਰਸਿੱਧ ਹਸਤੀ ਸੇਠ ਤਰਲੋਕ ਸਿੰਘ ਬਾਵਲਾ ਜੀ ਦੀ ਧਰਮਪਤਨੀ ਬੀਬੀ ਮਹਿੰਦਰ ਕੌਰ ਜੀ ਸਦਾ ਹੀ ਸੇਵਾ ਵਾਸਤੇ ਤਤਪਰ ਰਹਿੰਦੇ ਅਤੇ ਸਤਿਗੁਰੂ ਜੀ ਦੇ ਚਰਨਾਂ ਤੇ ਅਗਾਧ ਸ਼ਰਧਾ ਰਖਦੇ ਸਨ । ਉਹਨਾਂ ਦੇ ਘਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਕਸਰ ਚਰਨ ਪੈਂਦੇ ਰਹਿੰਦੇ, ਇਸ ਵਾਸਤੇ ਸਾਧ ਸੰਗਤ ਦਾ ਬਹੁਤ ਆਉਣਾ ਜਾਣਾ ਰਹਿੰਦਾ । ਇਸ ਸਾਰੀ ਸੇਵਾ ਨੂੰ ਖਿੜੇ ਮਥੇ ਧਨ-ਭਾਗ ਸਮਝਕੇ ਕਰਦੇ ਸਨ । ਤਰਲੋਕ ਸਿੰਘ ਜੀ ਦੇ ਬੀਬੀ ਜੀ ਬਹੁਤ ਵਡੇ ਸਹਾਇਕ ਅਤੇ ਪ੍ਰੇਰਣਾ ਸਰੋਤ ਸਨ । ਉਹਨਾਂ ਦੇ ਮਿਠੇ ਸੁਭਾ ਦੀ ਛਾਪ ਉਹਨਾਂ ਦੇ ਸਾਰੇ ਪਰਿਵਾਰ ਉਤੇ ਹੀ ਚੜ੍ਹੀ ਹੋਈ ਹੈ ।

ਉਹਨਾਂ ਦੇ ਸਪੁਤਰ ਸ: ਜਗਦੀਸ਼ ਸਿੰਘ, ਧਰਮ ਸਿੰਘ, ਮੋਹਨ ਸਿੰਘ, ਬਲਦੇਵ ਸਿੰਘ, ਸੰਤ ਸਿੰਘ, ਭੁਪਿੰਦਰ ਸਿੰਘ, ਸੰਤੋਖ ਸਿੰਘ ਅਤੇ ਸਪੁਤਰੀ ਗੁਰਦੀਪ ਕੌਰ ਪਰਿਵਾਰ ਸਹਿਤ ਆਪਣੇ ਹਰਮਨ ਪਿਆਰੇ ਪਿਤਾ ਸੇਠ ਤਰਲੋਕ ਸਿੰਘ ਜੀ ਨਾਲ ਬੀਬੀ ਜੀ ਦੀਆਂ ਮਿੱਠੀਆਂ ਯਾਦਾਂ ਦਾ ਵਿਰਸਾ ਸੰਭਾਲੀ ਉਸੇ ਰਾਹ ਤੇ ਚਲ ਰਹੇ ਹਨ ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਆਜ਼ਾਦੀ ਦਿਵਸ

੧੫ ਅਗਸਤ ਨੂੰ ਆਜ਼ਾਦ ਭਾਰਤ ਆਪਣੀ ਰਾਜਸੀ ਹਯਾਤੀ ਦੇ ੩੯ ਵਰ੍ਹੇ ਪੂਰੇ ਕਰਕੇ ਚਾਲੀਵੇਂ ਸਾਲ ਵਿਚ ਪਰਵੇਸ਼ ਕਰ ਗਿਆ ਹੈ। "ਬਿਨਾਂ ਖੜਗ ਬਿਨਾਂ ਢਾਲ" ਪ੍ਰਾਪਤ ਕੀਤੀ ਆਜ਼ਾਦੀ ਦੇ ਦਿਨਾਂ ਵਿਚ ਪੰਜਾਬ ਲਹੂ ਵਿਚ ਨ੍ਹਾਤਾ ਸੀ। ਇਸ ਜੁਗ ਗਰਦੀ ਵਿਚ ਲੱਖਾਂ ਪੰਜਾਬੀ ਵਾਹਗਿਓਂ ਏਧਰ ਤੇ ਓਧਰ ਆਏ ਸਨ। ਫਿਰਕੂ ਪਾਗਲਪਣ ਦੇ ਹਥੀਂ ਲੱਖਾਂ ਮਾਸੂਮ ਬੱਚਿਆਂ, ਜਵਾਨਾਂ ਤੇ ਬਜ਼ੁਰਗਾਂ ਦਾ ਲਹੂ ਮਿੱਟੀ 'ਚ ਰੁਲਿਆ ਸੀ। ਲਾਵਾਰਸ ਮਨੁੱਖੀ ਲਾਸ਼ਾਂ ਨਾਲ ਭਰੇ ਖੇਤਾਂ ਦੇ ਖੇਤ, ਰੱਤ ਲਿਬੜੀਆਂ ਰੇਲ ਗੱਡੀਆਂ, ਬੇਪਤ ਹੋਈਆਂ ਔਰਤਾਂ ਦੇ ਸਰੀਰ ਅਸੀਂ ਆਪਣੀ ਅੱਖੀਂ ਵੇਖੇ ਸਨ। ਤੇਰਾ ਬਾਬਾ ਨਾਨਕ ਦਾ ਰਾਵੀ ਦਾ ਪੁਲ ਪਾਰ ਕਰਦਿਆਂ ਇਕੋ ਹੀ ਤਸੱਲੀ ਸੀ ਕਿ ਚਲੋ ਹੁਣ ਅਸੀਂ ਆਜ਼ਾਦ ਭਾਰਤ ਦੇ ਸ਼ਹਿਰੀ ਹੋ ਗਏ ਹਾਂ। ਅਸੀਂ ਸੁਰੱਖਿਅਤ ਹਾਂ ਅਸੀਂ ਆਪਣੀ ਕਿਸਮਤ ਦੇ ਆਪ ਮਾਲਕ ਹਾਂ।

ਪੰਜਾਬੀਆਂ ਨੇ ਜਿੰਨੀ ਛੇਤੀ ਬਟਵਾਰੇ ਦੀਆਂ ਪੀੜਾਂ ਨੂੰ ਜੀਤ ਕੇ ਖੁਸ਼ਹਾਲੀ ਵਲ ਕਦਮ ਪੁੱਟੇ ਉਸ ਨੇ ਦੁਨੀਆ ਨੂੰ ਹੈਰਾਨ ਕਰ ਦਿਤਾ।

ਜਿੰਨੀ ਛੇਤੀ ਪੰਜਾਬੀਆਂ ਨੇ ਅਪਣੇ ਫਟਾਂ ਨੂੰ ਭੁਲਾਇਆ ਦੁਨੀਆ ਦੇ ਕਿਸੇ ਖਿੱਤੇ ਦੇ ਲੋਕਾਂ ਨਹੀਂ ਭੁਲਾਇਆ। ਅੱਜ ਕੋਈ ਉਸ ਘਲੂਘਾਰੇ ਦੀ ਯਾਦ ਨਹੀਂ ਮਨਾਉਂਦਾ ਸਗੋਂ ਆਜ਼ਾਦੀ ਦੇ ਜਸ਼ਨ ਹੀ ਮਨਾਉਂਦਾ ਹੈ।

ਭਾਰਤ ਇਹਨਾਂ ਸਾਲਾਂ ਵਿਚ ਨਵਆਜ਼ਾਦ ਹੋਏ ਤੇ ਵਿਕਸਤ ਹੋ ਰਹੇ ਦੇਸ਼ਾਂ ਦਾ ਮੋਹਰੀ ਬਣ ਗਿਆ। ਇਸ ਵੇਲੇ ਤਕ ਉਹ ਇਕੱਤਰ ਸੌ ਗੁਟ ਨਿਰਲੇਪ ਦੇਸ਼ਾਂ ਦਾ ਪ੍ਰਧਾਨ ਰਿਹਾ ਹੈ। ਦੇਸ਼ ਹਰ ਖੇਤਰ ਦੇ ਗਿਆਨ ਵਿਚ ਅਗੇ ਵਧਿਆ। ਉਦਯੋਗ, ਖੇਤੀ ਬਾੜੀ, ਸਾਇੰਸ, ਟੈਕਨਾਲੋਜੀ, ਵਿਦਿਆ ਅਤੇ ਫੌਜੀ ਸ਼ਕਤੀ ਗੱਲ ਕੀ ਹਰ ਖੇਤਰ ਵਿਚ ਉਨਤੀ ਹੋਈ। ਦੋ ਜੰਗਾਂ ਵੀ ਜਿੱਤੀਆਂ। ਆਪਣੀਆਂ ਲੋੜਾਂ ਪੂਰੀਆਂ ਕਰਕੇ ਅੰਨ ਅਤੇ ਉਦਯੋਗਿਕ ਸਾਮਾਨ ਬਾਹਰ ਭੇਜਣ ਦੀ ਸਮਰਥਾ ਰਖੀ। ਐਟਮੀ ਸ਼ਕਤੀ ਵੀ ਭਾਰਤ ਬਣਿਆ। ਭਾਰਤੀ ਸਜਾਨਾਂ ਨੇ ਪੁਲਾੜ ਦੀ ਯਾਤਰਾ ਵੀ ਕੀਤੀ ਹੈ ਅਤੇ ਸਵਾਏ ਢਾਈ ਕੁ ਸਾਲ ਦੇ ਸਮੇਂ ਦੇ ਲਗਾਤਾਰ ਜਮਹੂਰੀ ਤਰੀਕੇ ਨਾਲ ਸਰਕਾਰ ਚਲਦੀ ਰਹੀ ਹੈ। ਭਾਰਤ ਨੂੰ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਮਾਨ ਪ੍ਰਾਪਤ ਹੈ। ਇਸ ਵੇਲੇ ਜਦੋਂ ਕਿ ਆਲੇ ਦੁਆਲੇ ਦੇ ਸਭ ਦੇਸ਼ਾਂ ਵਿਚ ਫੌਜੀ ਰਾਜ ਹਨ ਭਾਰਤ ਸਾਰੇ ਇਲਾਕੇ ਵਾਸਤੇ ਇਕ ਮਿਸਾਲ ਹੈ। ਪੰਜਾਬੀਆਂ ਦਾ ਇਸ ਸਾਰੇ ਵਰਤਾਰੇ ਵਿਚ ਵਧੇਰੇ ਯੋਗਦਾਨ ਹੈ।

ਦੁਨੀਆ ਭਾਰਤ ਨੂੰ ਦੋ ਗੱਲਾਂ ਕਰਕੇ ਬਹੁਤ ਮਾਨਤਾ ਦਿੰਦੀ ਹੈ ਇਕ ਤਾਂ ਇਥੇ ਜਮਹੂਰੀਅਤ ਦਾ ਬੋਲਬਾਲਾ ਅਤੇ ਦੂਸਰਾ ਇਸ ਦੀ ਪ੍ਰਾਚੀਨ ਸੰਸਕ੍ਰਿਤੀ, ਇਸ ਦੀ ਨੈਤਿਕ ਸਦਾਚਾਰਕ ਅਤੇ ਸਹਿਕਵਾਦੀ ਪਰੰਪਰਾ ਕਰਕੇ।

ਪਰ ਬੀਤੇ ਵਾਲੀ ਸਾਲਾਂ ਵਿਚ ਇਸ ਪਰੰਪਰਾ ਨੂੰ ਬਹੁਤ ਠੇਸ ਪਹੁੰਚੀ ਹੈ। ਭ੍ਰਿਸ਼ਟਾਚਾਰ ਦਾ ਰੋਗ ਸਿਉਂਕ ਵਾਂਗ ਦੇਸ਼ ਨੂੰ ਲਗ ਗਿਆ। ਇਸ ਰੋਗ ਨੇ ਅੰਦਰੋ ਅੰਦਰੀਂ ਦੇਸ਼ ਦੇ ਢਾਂਚੇ ਨੂੰ ਖੋਖਲਾ ਕਰ ਦਿਤਾ ਹੈ। ਰਾਜਨੀਤਕ, ਸਮਾਜਕ ਅਤੇ ਧਾਰਮਕ ਖੇਤਰਾਂ ਦੇ ਧੁਰ ਉਪਰ ਤਕ ਇਹ ਭ੍ਰਿਸ਼ਟਾਚਾਰ ਵਧਿਆ ਹੈ। ਇਹ ਇਥੋਂ ਤਕ ਫੈਲਿਆ ਹੈ ਕਿ ਹੁਣ ਇਹ ਮਾੜੀ ਗੱਲ ਹੀ ਨਹੀਂ ਲਗਦੀ। ਗਰੀਬਾਂ ਦਾ ਸੋਸ਼ਣ ਇਕ ਦਸਤੂਰ ਬਣ ਗਿਆ ਹੈ ਅੱਜ ਬੇਈਮਾਨੀ ਕਰਨੀ ਮਿਹਣਾ ਨਹੀਂ ਰਹੀ ਕਲਾਕਾਰੀ ਬਣ ਗਈ ਹੈ। ਅੱਜ ਤਸਕਰੀ ਨੂੰ ਘਿਰਣਾ ਨਹੀਂ ਕੀਤੀ ਜਾਂਦੀ ਸਗੋਂ ਉਪਲਭਦੀ ਸਮਝਿਆ ਜਾਂਦਾ ਹੈ। ਸਿਆਸਤਦਾਨ ਅਪਣੇ ਘਰ ਭਰਨ ਵਾਸਤੇ ਨੀਵੇਂ ਤੋਂ ਨੀਵੇਂ ਪੱਧਰ ਤੇ ਜਾਂਦੇ ਹਨ। ਇਹਨਾਂ ਦਾ ਕੰਮ ਪੈਸਾ ਬਨਾਉਣਾ ਅਤੇ ਉਸ ਧਨ ਦੇ ਆਸਰੇ ਮੁੜ ਅਗੋਂ ਅਗੇ ਰਹਿਣਾ ਹੈ। ਤਿਆਗ ਸੰਤੋਖ ਅਤੇ ਸੇਵਾ ਦੀ ਭਾਵਨਾ ਦਾ ਖਾਤਮਾ ਹੋਇਆ ਹੈ। ਇਸੇ ਕਰਕੇ ਹਾਲਤ ਇਹ ਹੈ ਕਿ ਸਰਕਾਰ ਲੋਕਾਂ ਨੂੰ ਬੇਈਮਾਨ ਸਮਝ ਰਹੀ ਹੈ ਲੋਕ ਸਰਕਾਰ ਨੂੰ ਚੋਰ ਸਮਝਦੇ ਹਨ।

ਅੱਜ ਮਹਾਤਮਾ ਗਾਂਧੀ ਦੀ ਜਨਮ ਧਰਤੀ ਗੁਜਰਾਤ ਦੰਗਿਆਂ ਫਸਾਦਾਂ ਦੀ ਲਪੇਟ ਵਿਚ ਹੈ ਅਤੇ ਜਗਤ ਜਲੰਦੇ ਨੂੰ ਤਾਰਨ ਵਾਲੇ ਗੁਰੂ ਨਾਨਕ ਦੀ ਕਰਮ ਭੂਮੀ ਪੰਜਾਬ ਦੀ ਖੂਨ ਵਿਚ ਲੱਥ ਪੱਥ ਹੈ। ਮੁੜ ਇਥੇ ਖੂਨ ਦੇ ਸੋਹਿਲੇ ਗਾਂਵੇ ਜਾ ਰਹੇ ਹਨ। ਬਿਹਾਰ ਵਿਚ ਨਿਤ ਕਤਲ ਹੁੰਦੇ ਹਨ। ਹੋਰ ਪ੍ਰਾਂਤਾਂ ਨੂੰ ਤਾਂ ਛੱਡੋ ਭਾਰਤ ਦੀ ਰਾਜਧਾਨੀ ਦਿੱਲੀ ਵੀ ਹੁਣ ਨਿਤ ਦੰਗਿਆਂ ਦਾ ਗੜ੍ਹ ਬਣ ਗਈ ਹੈ।

ਨੁਆਰਥ ਭਰਪੂਰ ਭ੍ਰਿਸ਼ਟਾਚਾਰੀ ਰਾਜਨੀਤੀ ਨੂੰ ਕਦੀ ਵੀ ਅਮਨ ਏਕਤਾ ਦਾ ਫਲ ਨਹੀਂ ਸੀ ਲਗ ਸਕਦਾ। ਪਦਾਰਥਕ ਉਨਤੀ ਦੇ ਬਾਵਜੂਦ, ਲੋਕਾਂ ਕੋਲ ਕੋਠੀਆਂ



Sri Satguru Jagjit Singh Ji eLibrary NamdhariElibrary@gmail.com

ਮਕਾਨ, ਕਾਰਾਂ, ਸਕੂਟਰ, ਟੈਲੀਵੀਯਨਾਂ ਦੇ ਭੰਡਾਰ ਹੋਣ ਦੇ ਬਾਵਜੂਦ ਅੰਦਰੋਂ ਉਹ ਹਾਰੇ ਹੁਟੇ ਮਾਲੂਮ ਹਨ। ਆਤਮਾਵਾਂ ਚੋਂ ਖੋਖਾ ਜ਼ਾਹਿਰ ਹੈ।

ਅਸੀਂ ਕਾਮਨਾ ਕਰਦੇ ਹਾਂ ਕਿ ਜਿਵੇਂ ਪੰਜਾਬ ੧੯੪੭ ਦੀ ਤ੍ਰਾਸਦੀ ਵਿਚੋਂ ਕੁੰਦਨ ਬਣ ਕੇ ਨਿਕਲਿਆ ਸੀ ਅਤੇ ਉਸ ਨੇ ਦੇਸ਼ ਦੀ ਤਰੱਕੀ ਵਿਚ ਅਗਵਾਈ ਕੀਤੀ ਸੀ ਹੁਣ ਦੀ ਅਗਨ ਭੱਠੀ ਵਿਚੋਂ ਵੀ ਉਹ ਹੋਰ ਵੀ ਖਰਾ ਸੋਨਾ ਬਣਕੇ ਨਿਕਲੇਗਾ ਤਦ ਹੀ ਸਾਰਾ ਦੇਸ਼ ਤਕੜਾ ਤੇ ਬਲਵਾਨ ਹੋਵੇਗਾ। ਇਸ ਦੇ ਵਾਸਤੇ ਸਤਿਵਾਦੀ ਪਰੰਪਰਾ ਦੀ ਬਹਾਲੀ ਫਿਰ ਮੁੜ ਸੰਘਰਸ਼ ਕਰਨਾ ਪਵੇਗਾ।

## ਸਤਿਗੁਰੂ ਪ੍ਰਤਾਪ ਸਿੰਘ ਜੀ

ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਵਲੋਂ ਸਿੱਖਾਂ ਨਾਲ ਕੀਤਾ ਪਿਆਰ ਉਹਨਾਂ ਦੀ ਪ੍ਰਤਿਪਾਲਣਾ ਵਾਸਤੇ ਉਦਮ ਦੀ ਗੱਲ ਸਾਡੇ ਸਾਹਮਣੇ ਹੈ:

—ਜਿਉ ਜਨਨੀ ਸੁਤੁ ਜਣਿ ਪਾਲਤੀ
ਰਾਖੈ ਨਦਰ ਮਝਾਰ,
ਅੰਤਰ ਬਾਹਰ ਮੁਖ ਦੇ ਗਰਾਸ
ਖਿਨ ਖਿਨ ਪੋਚਾਰ,
ਤਿਉ ਸਤਗੁਰੁ, ਗੁਰ ਸਿਖ ਰਾਖਤਾ
ਹਰਿ ਪ੍ਰੀਤਿ ਪਿਆਰ
—ਮਾਤਾ ਪ੍ਰੀਤਿ ਕਰੇ ਪੁਤ ਖਾਇ
ਮੀਨੇ ਪ੍ਰੀਤਿ ਭਈ ਜਲ ਨ੍ਹਾਇ
ਸਤਿਗੁਰ ਪ੍ਰੀਤਿ ਗੁਰਸਿਖ ਮੁਖ ਪਾਇ
—ਗੁਰ ਸਿਖਾਂ ਅੰਦਰ ਸਤਗੁਰੁ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰੂ ਖੁਸੀ ਆਵੈ

ਇਹਨਾਂ ਤੁਕਾਂ ਦੇ ਸਮਰਥਨ ਵਿਚ ਜੇ ਕੋਈ ਸਾਖੀ ਤੇ ਮਹਾਨ ਮਿਸਾਲ ਵੇਖਣੀ ਹੋਵੇ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੀ।

ਜਿਵੇਂ ਮਾਂ ਪੁਤ ਨੂੰ ਗਰਾਹੀਆਂ ਦੇ ਕੇ ਪਾਲਦੀ ਉਹਨਾਂ ਨੂੰ ਨਜ਼ਰ ਹੇਠ ਰਖਦੀ ਤੇ ਪਾਲਣਾ ਕਰਦੀ ਹੈ ਇਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਖਾਂ ਦੀ ਪ੍ਰਤਿਪਾਲਣਾ ਕੀਤੀ। ਉਹ ਸਿਖਾਂ ਦੇ ਮੂੰਹ ਵਿਚ ਚੰਗਾ ਪਦਾਰਥ ਵੇਖਕੇ ਖੁਸ਼ ਹੁੰਦੇ। ਉਹਨਾਂ ਦੀ ਖੁਸ਼ਹਾਲੀ ਅਤੇ ਤਰੱਕੀ ਵਾਸਤੇ ਜਤਨ ਕਰਦੇ ਅਤੇ ਉਹਨਾਂ ਨੂੰ ਸੁਖੀ ਵੇਖ ਕੇ ਬਹੁਤ ਖੁਸ਼ ਹੁੰਦੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਦਰਸ਼ਨ ਕਰਨ ਦਾ ਅਵਸਰ ਸਾਨੂੰ ਪ੍ਰਾਪਤ ਹੋਇਆ ਹੈ ਜਿਥੇ ਉਹਨਾਂ 'ਅੰਧਕਾਰ ਮਹਿ ਚਰਨ ਪ੍ਰਗਾਸਿਓ' ਦੇ ਮਹਾ ਵਾਕ ਅਨੁਸਾਰ ਘੋਰ ਅੰਧਿਆਰੇ ਮਨਾਂ ਵਿਚ ਚਾਨਣਾ ਕੀਤਾ, ਜਿਥੇ ਪਾਪੀ, ਬਲਵੰਚੀਏ, ਚੋਰਾਂ ਜਾਰਾਂ ਤਸਕਰਾਂ ਨੂੰ ਉਹਨਾਂ ਸਿਧੇ ਮਾਰਗ ਪਾਇਆ, ਜਿਥੇ ਉਹਨਾਂ ਨੇ ਅੰਗਰੇਜ਼ੀ ਜਬਰ ਦੇ ਸਤਾਏ ਲਿਤਾੜੇ ਨਾਮਧਾਰੀ ਪੰਥ ਨੂੰ ਅਰਾਜਕ ਹਾਲ ਵਿਚ ਜਥੇਬੰਦ ਕੀਤਾ ਅਤੇ ਪੰਥ ਦਾ ਵਿਕਾਸ ਕੀਤਾ ਉਥੇ ਉਹਨਾਂ ਸਿਖਾਂ ਦੀ ਖੁਸ਼ਹਾਲੀ ਵਾਸਤੇ ਭਾਰੀ ਤੋੜ ਜਤਨ ਕੀਤੇ। ਫਜ਼ੂਲ ਸਮਾਜਕ ਰਸਮਾਂ ਵਿਰੁਧ ਜਹਾਦ ਤਾਂ ਛੇੜਿਆ ਹੀ ਪਰ ਇਕ ਵਿਲਖਣਤਾ ਉਹਨਾ ਦੀ ਇਹ ਸੀ ਕਿ ਉਹਨਾਂ ਜ਼ਮੀਨਾਂ ਗਰੀਬ ਸਿਖਾਂ ਵਿਚ ਵੰਡੀਆਂ। ਉਹਨਾਂ ਨੇ ਸਿਖਾਂ ਨੂੰ ਕਰਜ਼ਦਾਰੀਆਂ ਦੀ ਲਾਅਨਤ ਤੋਂ ਨਿਜਾਤ ਦਿਲਾਈ ਅਤੇ ਅਜ ਨਾਮਧਾਰੀ ਪੰਥ ਖੁਸ਼ਹਾਲੀ ਦੀਆਂ ਮੰਜ਼ਲਾਂ ਮਾਰ ਰਿਹਾ ਹੈ।

ਅਜ ਤੋਂ ਸਤਾਈ ਸਾਲ ਪਹਿਲਾਂ ਇਹਨਾਂ ਦਿਨਾਂ ਵਿਚ (੫ ਭਾਦਰੋਂ ੨੦੨੭ ਬਿ:) ਇਸ ਮਹਾਂ ਪ੍ਰਤਾਪੀ ਸੂਰਜ ਨੇ ਆਪਣੀਆਂ ਕਿਰਨਾਂ ਸਮੇਟੀਆਂ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤੀਆਂ।

ਉਦੋਂ ਤੋਂ ਅਜ ਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਯਾਦ ਨਾਮਧਾਰੀਆਂ ਦਾ ਵਿਰਸਾ ਬਣ ਗਈ ਹੈ। ਇਹ ਜਿਨੀ ਯਾਦ ਹੀ ਦੁਖ ਰੋਗ ਸੰਤਾਪਾਂ ਨੂੰ ਮੇਟਣ ਵਾਲੀ ਹੈ ਅਤੇ ਸਹੀ ਮਾਰਗ ਵਲ ਪ੍ਰੇਰਣਾ ਦਿੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦ੍ਰਿੜਾਇਆ ਮਾਰਗ ਲੋਕਾਈ ਦੇ ਕਲਿਆਣ ਦਾ ਮਾਰਗ ਹੈ।

—ਜਗਦੀਸ਼ ਸਿੰਘ

---

### ਸਹਿਯੋਗ

ਸ: ਕੁਲਦੀਪ ਸਿੰਘ ਸੇਠੀ ਲਖਨਊ ਵਾਲਿਆਂ ਵਰਿਆਮ ਵਾਸਤੇ ਤਿੰਨ ਸੌ ਰੁਪਿਆ ਭੇਜਿਆ ਹੈ ਅਸੀਂ ਸੇਠੀ ਜੀ ਦੀ ਬਰਵਕਤ ਸਹਾਇਤਾ ਲਈ ਬਹੁਤ ਧਨਵਾਦੀ ਹਾਂ।

—ਸੰਪਾਦਕ

ਸ: ਸੁਖਦੇਵ ਸਿੰਘ ਸਪੁਤਰ ਸੰਤ ਗੁਰਚਰਨ ਸਿੰਘ ਔਲਖ ਕੁਰਲਾ ਬੰਬਈ ਦੇ ਮਲਾਹਤ ਬੰਬਈ ਵਿਚ ਨਵੇਂ ਮਕਾਨ ਦੇ ਮਹੂਰਤ ਸਮੇਂ ਨਾਮਧਾਰੀ ਸੰਗਤ ਨੇ ਭਜਨ ਸਿਮਰਨ ਦੀ ਵਰਖਾ ਕੀਤੀ। ਲੰਗਰ ਸ੍ਰੀ ਭੈਣੀ ਸਾਹਿਬ, ਨਾਮਧਾਰੀ ਧਰਮਸਾਲਾ ਬੰਬਈ ਅਤੇ ਸਤਿਜੁਗ ਦੇ ਨਾਲ ਵਰਿਆਮ ਨੂੰ ੨੫/- ਸਹਾਇਤਾ ਭੇਜੀ ਹੈ। ਬਦਸਤ ਸੰਤ ਬਹਾਦਰ ਸਿੰਘ ਕੁਲਾਟੀ—ਧੰਨਵਾਦ।



Sri Satguru Jagjit Singh Ji eLibrary NamdhariElibrary@gmail.com

# ਗੀਤ

ਸੁਰਜੀਤ ਰਾਮਪੁਰੀ

ਇਹ ਕੈਸਾ ਬੰਧਨ ਤੂੰ ਲਾਇਆ ?
ਮਨ ਦੀ ਝੀਲ 'ਚ ਕਦੀ ਨਾ ਲਹਿਰੇਂ,
ਪਰ-ਨਾਰੀ ਦਾ ਸਾਇਆ ।
ਕਦੀ ਕਦੀ ਕੋਈ ਰੂਪ-ਅਨੋਖਾ
ਨੈਣਾਂ ਵਿਚ ਸਮਾਇਆ
ਅਣਚਾਹੇ ਹੀ ਸੁਪਨਾ ਬਣਦਾ
ਨੀਂਦਰ ਦਾ ਹਮਸਾਇਆ
ਕਿੰਜ ਨੀਂਦਰ 'ਚੋਂ ਸੁਪਨੇ ਛੰਡਾਂ,
ਐਸਾ ਭੇਤ ਨਾ ਪਾਇਆ
ਬਰਫ਼ਾਂ 'ਚੋਂ ਇਕ ਨਿਰਮਲ ਝਰਨਾ
ਪ੍ਰਬਤ ਉਤੇ ਆਇਆ
ਨਦੀਆਂ ਦੇ ਗੰਧਲੇ ਪਾਣੀ ਨੇ
ਝਰਨੇ ਨੂੰ ਗੰਧਲਾਇਆ,
ਕਿੰਜ ਨਦੀਆਂ ਚੋਂ ਝਰਨਾ ਛਾਣਾਂ ?
ਐਸਾ ਭੇਤ ਨਾ ਪਾਇਆ ।
ਪਿਆਸੀ ਨਦੀ ਭਟਕਦੀ ਵੱਗਦੀ
ਜਨਮਾਂ ਤੋਂ ਤ੍ਰਿਹਾਈ
ਰੂਪ-ਕਰੂਪ ਨਾ ਸਾਗਰ ਵੇਖੇ
ਜਲ-ਧਾਰਾ ਅਪਣਾਈ...
ਪਿਆਸ ਜਗਾਕੇ ਹੋਠਾਂ ਦੀ ਕਿਉਂ,
ਪਾਣੀ ਨੂੰ ਬੰਧ ਲਾਇਆ ?
ਮਨ ਹੈ ਸ਼ੀਸ਼ਾ ਜਿਸ ਤੇ ਪੈਂਦੇ
ਸੋਆਂ ਹੀ ਪ੍ਰਛਾਵੇਂ
ਜੇ ਤੂੰ ਹੀ ਮੇਰੇ ਸ਼ੀਸ਼ੇ ਵਿਚ
ਮੂਰਤ ਬਣ ਆ ਜਾਵੇਂ
ਸੱਜਣਾਂ ! ਫੇਰ ਕਦੀ ਨਾ ਲਹਿਰੇਂ,
ਪਰ-ਨਾਰੀ ਦਾ ਸਾਇਆ ।
ਇਹ ਕੈਸਾ ਬੰਧਨ ਤੂੰ ਲਾਇਆ ?



Sri Satguru Jagjit Singh Ji eLibrary NamdhariElibrary@gmail.com

# ਐਵੇਂ ਨਾ ਕੋਈ ਬੋਲ ਦਈਂ

ਬਚਪਨ ਵਿਚ ਮੌਜੀ ਰਬਾਬੀ ਦਾ ਇਕ ਗੀਤ ਸੁਣਿਆ ਕਰਦੇ ਸਾਂ ਜਿਸ ਦੇ ਬੋਲ ਸਨ :

ਪਹਿਲਾਂ ਸੋਚ ਸਮਝ ਲਈਂ ਯਾਰਾ
ਐਵੇਂ ਨਾ ਕੋਈ ਬੋਲ ਬੋਲ ਦਈਂ

ਇਸ ਗੀਤ ਨੂੰ ਪਹਿਲਾਂ ਤਾਂ ਕੇਵਲ ਗੁਣਗੁਣਾਉਂਦੇ ਹੁੰਦੇ ਸਾਂ ਪਰ ਫੇਰ ਇਸ ਦੀ ਧੁਰ ਅੰਦਰਲੀ ਸੱਚਾਈ ਸਮਝ ਆਉਣ ਲਗੀ ।

ਜਦੋਂ ਅਸੀਂ ਸੇਮੂ ਹੁੰਦੇ ਸਾਂ ਤਾਂ ਇਕ ਚੰਗੇ ਭਲੇ ਵਾਕਿਫ਼ ਜਵਾਨ ਨੂੰ ਪੱਟੀਆਂ ਬੰਧੀਆਂ ਵੇਖ ਕੇ ਉਸ ਦੇ ਦੁਖਾਂ ਅਤੇ ਤਕਲੀਫ਼ ਦਾ ਕਾਰਨ ਪੁਛਿਆ ਤਾਂ ਉਸ ਦੱਸਿਆ ਕੀ ਕੇਵਲ ਇਕ ਹੀ ਬੋਲ ਦਾ ਕਾਰਨਾਮਾ ਹੈ । ਕੁਝ ਜਣਿਆਂ ਉਸ ਨੂੰ ਕਿਸੇ ਗਲੀ ਵਿਚ ਕੁਝ ਸੇਕ ਇਕਠੇ ਦੇ ਦਿਤੇ । ਉਸ ਨੇ ਕਾਰਨ ਪੁਛਿਆ ਤਾਂ ਉੱਤਰ ਮਿਲਿਆ ਕਿ ਇਕ ਲੜਕੀ ਲੜਦੀ ਨਹੀਂ । ਸਾਡੇ ਵਾਕਿਫ਼ਕਾਰ ਨੇ ਦਸਿਆ ਕਿ ਉਸ ਨੇ ਇਕੋ ਹੀ ਬੋਲ ਮੂੰਹੋਂ ਕਢਿਆ ਬਸ ਫਟ ਕੀ ਸੀ ਉਨ ਸਾਰੀ ਖਲਕਤ ਉਸ ਤੇ ਟੁੱਟ ਕੇ ਪੈ ਗਈ ਕੁੱਟ ਕੁੱਟ ਕੇ ਆਹ ਹਾਲ ਕਰ ਦਿਤਾ । ਉਹ ਲੜਕੀ ਇਕ ਬਹੁਤ ਛੱਟੀ ਜਿਹੀ ਬੱਚੀ ਸੀ ਜੋ ਜ਼ਰਾ ਏਧਰ ਉਧਰ ਖੇਡਦੀ ਹੋਵੇਗੀ ਪਰ ਸਾਡੇ ਵਾਕਿਫ਼ਕਾਰ ਨੇ ਖਾਹ-ਮਖਾਹ ਅਪਣੇ ਬੋਲਾਂ ਦੀ ਕੀਮਤ ਚੁਕਾ ਲਈ ।

ਪੰਜਾਬੀ ਦੀ ਕਹਾਵਤ ਹੈ, 'ਗੱਲ ਕਹਿੰਦੀ ਹੈ ਤੂੰ ਮੈਨੂੰ ਮੂੰਹੋਂ ਕੱਢ ਮੈਂ ਪਿੰਡ ਕਢਾ ਦਿਆਂਗੀ ।' ਸ਼ੇਖ ਸਾਅਦੀ ਦਾ ਕਥਨ ਹੈ ਜਦ ਤਕ ਮਨੁੱਖ ਮੂੰਹੋਂ ਨਹੀਂ ਬੋਲੇਗਾ ਉਸ ਦੀ ਖੂਬੀ ਤੇ ਬੁਰਾਈ ਲੁਕੀ ਰਹੇਗੀ ।

"ਤਾ ਮਰਦੇ ਸੁਖਨ ਨਾ ਗੁਫ਼ਤਾ ਬਾਸ਼ਦ
ਐਬੋ ਹੁਨਰਸ਼ ਨਿਹੁਫ਼ਤਾ ਬਾਸ਼ਦ"

ਇਨਸਾਨ ਬਾਹਰੋਂ ਕਿੰਨਾ ਵੀ ਖੂਬਸੂਰਤ ਕਿਉਂ ਨਾ ਹੋਵੇ ਪਰ ਜਿੰਨਾ ਚਿਰ ਉਹ ਬੋਲਦਾ ਨਹੀਂ ਉਸਦਾ ਕੁਝ ਪਤਾ ਨਹੀਂ ਲਗ ਸਕਦਾ ਇਵੇਂ ਹੀ ਬਦਸ਼ਕਲ ਸਮਝਿਆ ਜਾਂਦਾ ਮਨੁੱਖ ਹੋ ਸਕਦਾ ਹੈ ਕਿ ਬਹੁਤ ਖੂਬਸੂਰਤ ਇਨਸਾਨ ਹੋਵੇ । ਇਹ ਤਾਂ ਬੋਲਿਆਂ ਹੀ ਪਤਾ ਲਗਦਾ ਹੈ । ਹਿੰਦੀ ਦੇ ਇਕ ਕਵੀ ਨੇ ਕਿਹਾ ਹੈ ਕਿ ਇਨਸਾਨ ਅਤੇ ਇਤਰ ਦੋਹਾਂ ਦਾ ਪਤਾ ਬੋਲਣ ਅਤੇ ਡੱਬੀ ਖੋਲ੍ਹਣ ਤੇ ਹੀ ਲਗਦਾ ਹੈ

"ਸਭਾ ਤੇ ਗੁਨੀਅਨ ਕੀ ਵਾਸਨਾ ਫੁਲੇਲਨ ਕੀ
ਬੋਲੇ ਬਿਨ ਖੋਲੇ ਬਿਨ ਕੈਸੇ ਕਰ ਜਾਣੀਏ"

ਮਸ਼ਹੂਰ ਗੱਲ ਹੈ ਕਿ ਜਦੋਂ ਅਮਰੀਕਾ ਵਿਚ ਸਵਾਮੀ ਵਿਵੇਕਾਨੰਦ ਜੀ ਗਏ ਤਾਂ ਉਥੇ ਇਕ ਵਿਸ਼ੇਸ਼ ਸਭਾ ਵਿਚ ਬੋਲਣ ਵਾਸਤੇ ਉਹਨਾਂ ਨੂੰ ਕੇਵਲ ਦੋ ਮਿੰਟ ਹੀ ਦਿੱਤੇ ਗਏ । ਉਹਨਾਂ ਤੋਂ ਪਹਿਲਾਂ ਜੋ ਵੀ ਬੁਲਾਰੇ ਬੋਲੇ ਉਹ ਸਭਾ ਨੂੰ ਪੱਛਮੀ ਦੇਸ਼ਾਂ ਦੇ ਢੰਗ ਅਨੁਸਾਰ ਸੰਬੋਧਨ ਕਰਨ ਲਗਿਆਂ ਪਹਿਲੋਂ ਕਹਿੰਦੇ ਇਸਤ੍ਰੀ ਅਤੇ ਪੁਰਸ਼ (ਲੇਡੀਜ਼ ਐਂਡ ਜੈਂਟਲਮੈਨ) ਪਰ ਸਵਾਮੀ ਜੀ ਨੇ ਭਾਰਤੀ ਸੰਸਕ੍ਰਿਤੀ ਅਨੁਸਾਰ ਕਿਹਾ "ਭੈਣੋਂ ਤੇ ਭਰਾਵੋ" ਕੇਵਲ ਇਹਨਾਂ ਦੋ ਬੋਲਾਂ ਦੇ ਮੂੰਹੋਂ ਕਢਣ ਦੀ ਦੇਰ ਸੀ ਕਿ ਸਭਾ ਸਥਾਨ ਲੰਮੀਆਂ ਤਾੜੀਆਂ ਨਾਲ ਹੀ ਗੂੰਜਦਾ ਗਿਆ । ਇਹ ਮਿੱਠੇ ਬੋਲ ਉਹਨਾਂ ਪਹਿਲੀ ਵਾਰ ਹੀ ਸੁਣੇ ਸਨ । ਉਸ ਬਾਅਦ ਘੰਟਿਆਂ ਬਧੀ ਸੁਆਮੀ ਜੀ ਦਾ ਪ੍ਰਵਚਨ ਹੋਇਆ ।

ਬੋਲ ਕੇਵਲ ਦੋ ਅੱਖਰਾਂ ਦਾ ਸ਼ਬਦ ਹੈ । ਪਰ ਦੋ ਬੁਲ੍ਹਾਂ ਵਿਚੋਂ ਨਿਕਲਿਆ ਇਕ ਬੋਲ ਕੌਮਾਂ ਦੀਆਂ ਤਕਦੀਰਾਂ ਬਦਲ ਦਿੰਦਾ ਹੈ । ਜੀਵਨ ਨੂੰ ਮੌਤ ਵਿਚ ਅਤੇ ਮੌਤ ਨੂੰ ਜ਼ਿੰਦਗੀ ਵਿਚ ਬਦਲ ਸਕਦਾ ਹੈ । ਮਾਨ ਨੂੰ ਅਪਮਾਨ ਵਿਚ ਅਤੇ ਨਰਕ ਨੂੰ ਸਵਰਗ ਵਿਚ । ਕਟਹਿਰੇ ਵਿਚ ਖੜੇ ਇਕ ਮੁਲਜ਼ਮ ਦੇ ਜੀਵਨ ਅਤੇ ਮੌਤ ਵਿਚ ਕੇਵਲ ਜੱਜ ਦੇ ਮੂੰਹੋਂ ਨਿਕਲੇ ਇਕ ਬੋਲ ਦਾ ਹੀ ਫਰਕ ਹੁੰਦਾ ਹੈ । ਮਹਾਂ ਭਾਰਤ ਦੇ ਮਹਾਂਯੁਧ ਦਾ ਮੁੱਢ ਕੇਵਲ ਦੋ ਬੋਲਾਂ ਨੇ ਬੱਧਾ ਸੀ ।

ਏਸ ਵਾਸਤੇ ਸਾਰੀ ਮਖਲੂਕਾਤ ਵਿਚੋਂ ਕੇਵਲ ਮਨੁੱਖ ਨੂੰ ਮਿਲੀ ਬੋਲਾਂ ਦੀ ਇਸ ਅਦਭੁਤ ਦਾਤ ਨੂੰ ਬਹੁਤ ਸਾਂਭ ਕੇ ਵਰਤਣਾ ਹੀ ਚਾਹੀਦਾ ਹੈ । ਕਹਾਵਤ ਵੀ ਹੈ :

'ਪਹਿਲਾਂ ਤੋਲੋ ਫਿਰ ਬੋਲੋ'

ਬੋਲਣ ਦੇ ਅਨਮੋਲ ਗੁਣਾਂ ਕਰਕੇ ਹੀ ਤਾਂ ਭਗਤ ਕਬੀਰ ਜੀ ਨੇ ਵੀ ਪਹਿਲਾਂ ਤੋਲਣ ਫਿਰ ਬੋਲਣ ਲਈ ਕਿਹਾ ਹੈ :

ਬੋਲੀ ਤੋ ਅਣਮੋਲ ਹੈ, ਜੁ ਕੋਈ ਜਾਣੇ ਬੋਲ
ਹੀਏ ਤਰਾਜੂ ਤੋਲ ਕਰ ਤਬ ਮੁਖ ਬਾਹਰ ਖੋਲ੍ਹ

ਬਗੈਰ ਤੋਲਣ ਤੋਂ ਬੋਲਣਾ, ਜਾਂ ਲੋੜ ਤੋਂ ਵਧ ਬੋਲਣਾ ਨੁਕਸਾਨ ਦਾ ਕਾਰਨ ਹੁੰਦਾ ਹੈ ਏਸੇ ਵਾਸਤੇ ਗੁਰੂ ਨਾਨਕ ਦੇਵ



Sri Satguru Jagjit Singh Ji eLibrary NamdhariElibrary@gmail.com

ਜੀ ਨੇ ਬਹੁਤਾ ਬੋਲਣ ਤੋਂ ਵਰਜਿਆ ਹੈ।

ਬਹੁਤਾ ਬੋਲਣੁ ਝਖਣੁ ਹੋਇ

ਇਵੇਂ ਹੀ ਗੁਰੂ ਅਮਰਦਾਸ ਜੀ ਨੇ ਰਾਮਕਲੀ ਅਨੰਦ ਵਿਚ ਬਹੁਤਾ ਬੋਲਣ ਨੂੰ ਲੋਭ ਮੋਹ ਅਹੰਕਾਰ ਅਤੇ ਤ੍ਰਿਸਨਾ ਦੇ ਬਰਾਬਰ ਦਾ ਔਗੁਣ ਦੱਸ ਕੇ ਇਹਨਾਂ ਤੋਂ ਵਰਜਿਆ ਹੈ:

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ

ਅੱਜ ਦੁਨੀਆ ਵਿਚ ਯੂ.ਐਨ.ਓ. ਤੋਂ ਲੈ ਕੇ ਵੱਖ ਵੱਖ ਦੇਸ਼ਾਂ ਦੀਆਂ ਪਾਰਲੀਮੈਂਟਾਂ, ਅਸੈਂਬਲੀਆਂ, ਕਾਲਜਾਂ, ਸਕੂਲਾਂ, ਕਚਹਿਰੀਆਂ ਵਿਚ ਹੁੰਦੀਆਂ ਬਹਿਸਾਂ ਵਿਚ ਅਤੇ ਗਲੀਆਂ ਮਹੱਲਿਆਂ ਘਰਾਂ ਵਿਚ ਅਣਗਿਣਤ ਸ਼ਬਦ ਬੋਲੇ ਜਾਂਦੇ ਹਨ। ਇਵੇਂ ਲਗਦਾ ਹੈ ਜਿਵੇਂ ਇਹ ਦੁਨੀਆ ਇਹਨਾਂ ਸ਼ਬਦਾਂ ਦੇ ਆਸਰੇ ਹੀ ਟਿਕੀ ਹੈ ਅਤੇ ਪੜ੍ਹੇ ਲਿਖੇ ਲੋਕਾਂ ਨੇ ਆਪਣੇ ਬੋਲਾਂ ਦੇ ਆਸਰੇ ਟਿਕਾਈ ਹੈ। ਪਰ ਇਕ ਮਿਸਾਲ ਪੇਸ਼ ਹੈ ਜਦੋਂ ਇਕ ਕੋਰੇ ਅਨਪੜ੍ਹ ਵਿਅਕਤੀ ਨੇ ਥੋੜ੍ਹੇ ਬੋਲਾਂ ਨਾਲ ਇਕ ਵਿਦਵਾਨ ਰਾਜਸੀ ਨੇਤਾ ਨੂੰ ਚੁੱਪ ਕਰਾ ਦਿਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਪੰਜਾਬ ਸਨ। ਉਹਨਾਂ ਬਾਰੇ ਹੋਰ ਪਰੀਚੈ ਦੇਣ ਦੀ ਲੋੜ ਨਹੀਂ। ਜਲੰਧਰ ਵਿਚ ਉਹ ਹਲਵਾਈ ਤੇ ਦੋਧੀ ਯੂਨੀਅਨ ਦੀ ਮੀਟਿੰਗ ਵਿਚ ਉਹਨਾਂ ਦੇ ਮਸਲੇ ਸੁਣਨ ਆਏ। ਸਰਦਾਰ ਕੈਰੋਂ ਨੂੰ ਪਤਾ ਸੀ ਕਿ ਯੂਨੀਅਨ ਵਿਚ ਫੁੱਟ ਅਤੇ ਧੜੇਬੰਦੀ ਹੈ। ਏਸੇ ਤਰ੍ਹਾਂ ਦੇ ਮੌਕੇ ਨੂੰ ਹੀ ਵਰਤਕੇ ਉਹ ਬਾਰ ਬਾਰ ਇਹ ਕਹਿਣ "ਓ ਭਾਊ ਤੁਸੀਂ ਇਕ ਗੱਲ ਆਪਸ ਵਿਚ ਤੈਅ ਕਰ ਲਵੋ ਮੈਂ ਮੰਨ ਲਵਾਂਗਾ।" ਹੁਣ ਨਾ ਇਕ ਗੱਲ ਹੋਵੇ ਨਾ ਮੁਖ ਮੰਤਰੀ ਨੂੰ ਕੁਝ ਦੇਣਾ ਪਵੇ। ਸ: ਕੈਰੋਂ ਬਾਰ ਬਾਰ ਇਹ ਹੀ ਕਹਿ ਕੇ ਪੱਲਾ ਛੁੜਾ ਜਾਣ ਤਾਂ ਇਕ ਬੁੱਢਾ ਤੇ ਕੋਰਾ ਅਨਪੜ੍ਹ ਦੋਧੀ ਉੱਠਿਆ। ਉਹ ਕਹਿਣ ਲਗਾ ਸਰਦਾਰ ਸਾਹਿਬ ਮੇਰੀ ਇਕ ਬੇਨਤੀ ਏ, ਅਸੀਂ ਲੋਕ ਤੁਹਾਨੂੰ ਪੜ੍ਹਿਆਂ ਲਿਖਿਆਂ ਨੂੰ ਵੋਟਾਂ ਪਾਕੇ ਮੈਂਬਰ ਬਣਾਕੇ ਅਸੈਂਬਲੀਆਂ ਵਿਚ ਭੇਜਦੇ ਹਾਂ। ਤੁਸੀਂ ਸਾਰੇ ਲੀਡਰ ਏਨੇ ਪੜ੍ਹੇ ਲਿਖੇ ਹੁੰਦੇ ਹੋਏ ਇਕ ਗੱਲ ਤੇ ਕੱਠੇ ਨਹੀਂ ਹੋ ਸਕਦੇ, ਰੋਜ਼ ਝਗੜਾ ਹੁੰਦਾ ਹੈ, ਤਾਂ ਅਸੀਂ ਕੋਰੇ ਅਨਪੜ੍ਹ ਇਕ ਗੱਲ ਕਿਵੇਂ ਪੁਗਾ ਲਈਏ। ਉਸ ਬੁੱਢੇ ਦੇ ਏਨੇ ਬੋਲਾਂ ਨੇ ਕੈਰੋਂ ਵਰਗੇ ਘਾਗ ਸਿਆਸਤਦਾਨ ਨੂੰ ਚੁੱਪ ਕਰਾ ਦਿਤਾ।

ਬੀਚਰ ਦਾ ਕਥਨ ਹੈ ਕਿ, "ਖਿਆਲ ਗੂੰਗਾ ਹੈ ਬੋਲੀ ਫੁੱਲ ਹੈ ਅਮਲ ਫਲ ਹੈ" ਇਸੇ ਵਾਸਤੇ ਬੋਲਣ ਤੋਂ ਪਹਿਲਾਂ ਆਪਣਾ ਖਿਆਲ ਮਜ਼ਬੂਤ ਤੇ ਪਵਿੱਤਰ ਬਣਾਓ, ਉਸ ਤੇ ਮਿੱਠੇ ਬੋਲਾਂ ਦੇ ਫੁੱਲ ਲਗਾਣ ਤਾਂ ਫਿਰ ਫਲ ਵੀ ਚੰਗੇ ਅਮਲਾਂ ਦਾ ਲਗੇਗਾ।

ਪਰ ਜਿਨ੍ਹਾਂ ਦੇ ਮਨ ਹੀ ਸ਼ੁਧ ਨਹੀਂ ਉਹਨਾਂ ਦੇ ਬੋਲ ਗਿਆਨ ਉਪਦੇਸ਼ ਬਾਰੇ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ:

"ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ
ਸੇ ਕਿਆ ਕਥਹਿ ਗਿਆਨੈ"

ਪੱਛਮੀ ਵਿਦਵਾਨ ਗੋਲਡ ਸਮਿਥ ਨੇ ਕਿਹਾ ਹੈ ਕਿ ਬੋਲਾਂ ਦੀ ਸਹੀ ਵਰਤੋਂ ਆਪਣੀ ਇੱਛਾਵਾਂ ਪਰਗਟ ਕਰਨਾ ਨਹੀਂ ਸਗੋਂ ਉਨ੍ਹਾਂ ਨੂੰ ਛੁਪਾਉਣ ਵਿਚ ਹੈ—

ਬੋਲਣਾ ਇਸ ਦੁਨੀਆ ਦੀ ਜ਼ਰੂਰਤ ਹੈ। ਕਈ ਲੋਕ ਬੋਲਣਾ ਤਿਆਗ ਕੇ ਮੋਨਧਾਰੀ ਹੋ ਜਾਂਦੇ ਹਨ ਇਹ ਤਾਂ ਦੁਨੀਆ ਤੋਂ ਭੱਜਣ ਵਾਲੀ ਗੱਲ ਹੈ। ਦੁਨੀਆ ਵਿਚ ਰਹਿੰਦਿਆਂ ਕਹਿਣਾ ਸੁਣਨਾ ਤਾਂ ਚਾਹੀਦਾ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ:

"ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ"

ਕਿਛੁ ਸੁਣਨ ਵਾਲੀ ਗੱਲ ਤੇ ਵੀ ਮਹਾਂਪੁਰਖਾਂ ਨੇ ਬਹੁਤ ਕੁਛ ਲਿਖਿਆ ਹੈ ਪਰ ਸਾਡਾ ਅੱਜ ਦਾ ਵਿਸ਼ਾ ਬੋਲਣ ਤੇ ਹੈ ਇਸ ਵਾਸਤੇ "ਕਿਛੁ ਕਹੀਐ" ਦਾ ਮਾਰਗ ਦਰਸ਼ਨ ਵੀ ਗੁਰੂ ਨਾਨਕ ਦੇਵ ਜੀ ਤੋਂ ਲੈਂਦੇ ਹਾਂ। ਆਪ ਲਿਖਦੇ ਹਨ:

ਜਿਥੈ ਜਾਇ ਬਹੀਐ ਭਲਾ ਕਹੀਐ
ਝੋਲਿ ਅੰਮ੍ਰਿਤੁ ਪੀਜੈ —ਸੂਹੀ ਮ: ੧

ਭਲਾ ਕਹਿਣ ਤੋਂ ਵਡਾ ਅੰਮ੍ਰਿਤ ਹੋਰ ਕਿਹੜਾ ਹੋ ਸਕਦਾ ਹੈ। ਭਲਾ ਕਹਿਣ ਨਾਲ ਤਾਂ ਸੁਰਤਿ ਸ਼ਬਦ ਦੀ ਲਖਤਾ ਹੁੰਦੀ ਹੈ:

ਜਿਥੈ ਜਾਇ ਬਹੀਐ ਭਲਾ ਕਹੀਐ
ਸੁਰਤਿ ਸਬਦੁ ਲਿਖਾਈਐ —ਵਡਹੰਸ ਮ: ੧

ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਅਜਿਹਾ ਬੋਲਣ ਵਾਸਤੇ ਆਖਦੇ ਹਨ ਜਿਦੇ ਸੁਣਨ ਨਾਲ ਪਿਆਰ ਮਿਲੇ:

"ਮੁਹੌ ਕਿ ਬੋਲਣੁ ਬੋਲੀਐ
ਜਿਤੁ ਸੁਣਿ ਧਰੇ ਪਿਆਰੁ"



Sri Satguru Jagjit Singh Ji eLibrary NamdhariElibrary@gmail.com

ਕਬੀਰ ਜੀ ਦੀ ਬੋਲੀ ਸਬੰਧੀ ਇਹ ਹਦਾਇਤ ਹੈ :

"ਐਸੀ ਬੋਲੀ ਬੋਲੀਐ
ਮਨ ਕਾ ਆਪਾ ਖੋਇ
ਔਰਨ ਕੋ ਸੀਤਲ ਕਰੈ
ਆਪੁ ਸੀਤਲ ਹੋਇ"

ਮਾੜੀ ਬੋਲੀ ਪ੍ਰੀਤ ਤੋੜਦੀ ਹੈ :

ਟੂਟ ਪਰੀਤਿ ਗਈ ਬੁਰਬੋਲ
—ਰਾਮਕਲੀ ਓਅੰਕਾਰ ਮ:

ਫਿੱਕੇ, ਰੁਖੇ ਤੇ ਅਸਭਯ ਬੋਲਾਂ ਨਾਲ ਤਨ ਤੇ ਮਨ ਫਿੱਕੇ ਹੁੰਦੇ ਹਨ। ਸੋਭਾ (ਸੋਇ) ਵੀ ਮਾੜੀ ਪੈਂਦੀ ਹੈ, ਬੇਇਜ਼ਤੀ ਵੀ ਹੁੰਦੀ ਹੈ ਅਤੇ ਜੁਤੀਆਂ (ਪਾਣਾ) ਦੀ ਸਜ਼ਾ ਵੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ
ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ
ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ
ਪਾਣਾ ਲਹੈ ਸਜਾਇ ॥

ਮਾੜਾ ਬੋਲਣਾ ਮੂਰਖਾਂ ਦੇ ਲੱਛਣ ਹਨ :

"ਨਾਨਕ, ਮੂਰਖ ਏਹਿ ਗੁਣ, ਬੋਲੇ ਸਦਾ ਵਿਣਾਸੁ ॥
ਮ: ੧ ਵਾਰ ਮਾਝ

ਮਾੜਾ, ਕੌੜਾ, ਫਿਕਾ ਬੋਲਣਾ ਵੀ ਇਕ ਪ੍ਰਕਾਰ ਦੀ ਹਿੰਸਾ ਹੈ। ਤੇਜ਼ ਹਥਿਆਰ ਦੇ ਵਾਰ ਨਾਲ ਤਾਂ ਇਕੋ ਵਾਰ ਆਦਮੀ ਖ਼ਤਮ ਕੀਤਾ ਜਾ ਸਕਦਾ ਹੈ ਪਰ ਭੈੜੇ ਬੋਲਾਂ ਦੇ ਜ਼ਖ਼ਮ ਸਾਰੀ ਉਮਰ ਰਿਸਦੇ ਰਹਿੰਦੇ ਹਨ ਅਤੇ ਇਹਨਾਂ ਦੀ ਤਕਲੀਫ਼ ਸਾਰੀ ਉਮਰ ਲਈ ਬਣੀ ਰਹਿੰਦੀ ਹੈ।

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਇਸੇ ਵਾਸਤੇ ਕਿਹਾ ਹੈ :

ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ
ਮੂਰਖੈ ਨਾਲਿ ਨ ਲੁਝੀਐ

ਪਰ ਇਸ ਦੇ ਵਿਪ੍ਰੀਤ ਮਿੱਠੇ ਤੇ ਕੋਮਲ ਬੋਲ ਸੰਤੋਖ ਦਿੰਦੇ ਹਨ :

ਕੋਮਲ ਬਾਣੀ ਸਭ ਕਉ ਸੰਤੋਖੈ
—ਗਉੜੀ ਥਿਤੀ ਮ: ੫

ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਕਥਨ ਹੈ ਕਿ "ਸੁਖਾਵੇਂ ਬੋਲ ਖ਼ੁਸ਼ੀਆਂ ਦੇ ਖ਼ਜ਼ਾਨੇ ਦੀ ਸੁਨਹਿਰੀ ਕੁੰਜੀ ਹੁੰਦੇ ਹਨ। ਇਹ ਕੁੰਜੀ ਕਈ ਵਾਰ ਉਹ ਖ਼ੁਸ਼ੀਆਂ ਦਰ ਵੀ ਖੋਲ੍ਹ ਦੇਂਦੀ ਹੈ ਜਿਹੜੇ ਕਈ ਰਿਸ਼ੀਆਂ ਮੁਨੀਆਂ ਲਈ ਵੀ ਨਹੀਂ ਖੋਹਲੇ ਜਾਂਦੇ"

ਮਿੱਠੇ ਬੋਲਾਂ ਨੂੰ ਅੰਮ੍ਰਿਤ ਬਾਣੀ ਦਾ ਦਰਜਾ ਦਿਤਾ ਗਿਆ ਹੈ। ਮਿੱਠੇ ਬੋਲ ਸੁਣ ਕੇ ਆਦਮੀ ਦੇ ਨੀਰਸ ਜੀਵਨ ਵਿਚ ਵੀ ਖੇੜਾ ਆ ਜਾਂਦਾ ਹੈ। ਘੋਰ ਨਿਰਾਸਤਾ ਅਤੇ ਦੁਖ ਦੇ ਸਮੇਂ ਵੀ ਮਿੱਠੇ ਬੋਲ ਆਦਮੀ ਨੂੰ ਸਹਾਰਾ ਦਿੰਦੇ ਹਨ :

ਮੀਠਾ ਬੋਲੇ ਅੰਮ੍ਰਿਤ ਬਾਣੀ
ਅਨੁਦਿਨ ਹਰਿਗੁਣ ਗਾਇ
ਮ: ੩ ਵਾਰ ਬਿਲਾਵਲ

ਮਿੱਠੇ ਬੋਲ ਸਚਮੁਚ ਹੀ ਅੰਮ੍ਰਿਤ ਰੂਪ ਹੁੰਦੇ ਹਨ ਅਤੇ ਇਹ ਬੋਲਣ ਵਾਲਿਆਂ ਨੂੰ ਅੰਮ੍ਰਿਤ ਫਲ ਹੀ ਲਗਦੇ ਹਨ :

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ
—ਗੁਰੂ ਅਮਰਦਾਸ, ਮਾਰੂ ਸੋਹਲੇ

ਗੁਰੂ ਅਰਜਨ ਦੇਵ ਜੀ ਆਪਣੇ 'ਹਰਿ ਅੰਮ੍ਰਿਤ ਸਜਣੁ' ਸਤਿਗੁਰੂ ਦੀ ਖ਼ਾਸ ਵਿਸ਼ੇਸ਼ਤਾ ਇਹ ਦੱਸਦੇ ਹਨ ਕਿ ਉਹ ਬਹੁਤ ਮਿਠ ਬੋਲੜਾ ਹੈ। ਉਹ ਤਾਂ ਕੌੜਾ ਬੋਲਣਾ ਜਾਣਦਾ ਹੀ ਨਹੀਂ :

"ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ :
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ
ਅਉਗੁਣੁ ਕੋ ਨ ਚਿਤਾਰੇ...

ਗੁਰੂ ਜੀ ਬਾਣੀ ਵਿਚ ਦੱਸਦੇ ਹਨ ਕਿ ਆਦਮੀ ਨੂੰ ਕੈਸਾ ਬੋਲਣਾ ਚਾਹੀਦਾ। ਸਭ ਤੋਂ ਉੱਤਮ ਉਹ ਇਹ ਹੀ ਦੱਸਦੇ ਹਨ ਕਿ ਰਾਮ ਦਾ ਨਾਮ ਹੀ ਬੋਲਣਾ ਚਾਹੀਦਾ ਹੈ :



Sri Satguru Jagjit Singh Ji eLibrary NamdhariElibrary@gmail.com

—ਸੰਤ ਜਨਾ ਮਿਲਿ ਬੋਲਹੁ ਰਾਮ
ਗੋਂਡ ਮ: ੫

—ਅਨਦਿਨੁ ਰਾਮ ਕੇ ਗੁਣ ਕਹੀਐ
ਸਗਲ ਪਦਾਰਥ ਸਰਬ ਸੁਖ ਸਿਧਿ
ਮਨ ਬਾਂਛਤ ਫਲ ਲਹੀਐ   ਸਾਰੰਗ ਮ: ੫

—ਹਰਿ ਜਨ ਬੋਲਤ ਸ੍ਰੀ ਰਾਮ ਨਾਮਾ
—ਮਲਾਰ ਮ: ੪

—ਰਾਮ ਰਾਮ ਬੋਲਿ ਬੋਲਿ ਖੋਜਤੇ ਵਡਭਾਗੀ
—ਮ: ੫

—ਗੁਰ ਸਿਖ ਹਰਿ ਬੋਲਹੁ ਮੇਰੇ ਭਾਈ
ਹਰਿ ਬੋਲਤ ਸਭ ਪਾਪ ਲਹਿ ਜਾਈ

—ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ
ਹਰਿ ਸੰਤ ਭਗਤ ਤਾਰਨੋ

ਆਮ ਆਦਮੀ ਦੇ ਬੋਲ ਤਾਂ ਸੀਮਤ ਹੁੰਦੇ ਹਨ ਉਹ ਆਪਣੇ ਨਿਕਟੀਆਂ ਦੋਸਤਾਂ ਤਕ ਹੀ ਸੀਮਤ ਹੁੰਦੇ ਹਨ ਪਰ ਸਤਿਗੁਰੂਆਂ ਮਹਾਂਪੁਰਖਾਂ ਦੇ ਬੋਲ ਕੁਲ ਲੁਕਾਈ ਵਾਸਤੇ ਸਾਂਝੇ ਹੁੰਦੇ ਹਨ। ਉਹ ਭਾਵੇਂ ਬਚਨ ਕਿਸੇ ਨਾਲ ਕਰ ਰਹੇ ਹੁੰਦੇ ਹਨ ਪਰ ਬਚਨ ਸਭ ਲਈ ਸਾਂਝੇ ਤੌਰ ਤੇ ਲਾਭਦਾਇਕ ਹੁੰਦੇ ਹਨ :

—ਪਰਥਾਇ ਸਾਖੀ ਮਹਾਪੁਰਖ ਬੋਲਦੇ
ਸਾਝੀ ਸਗਲ ਜਹਾਨੈ
—ਵਾਰ ਸੋਰਠ ਮ: ੩

ਅਤੇ

—ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਂਝਾ
—ਸੂਹੀ ਮ: ੫

ਮਾੜਾ ਇਨਸਾਨ ਫਿਕੇ ਬੋਲ ਬੋਲਦਾ ਹੈ,—ਉੱਤਮ ਵਿਅਕਤੀ ਮਿਠੇ ਬੋਲ ਬੋਲਦਾ ਹੈ। ਮਹਾਂਪੁਰਖ ਦਾ ਬੋਲਣਾ ਸਾਰਿਆਂ ਦੇ ਕਲਿਆਣ ਵਾਸਤੇ ਹੁੰਦਾ ਹੈ।

ਮਹਾਂਪੁਰਖਾਂ ਦੇ ਬੋਲਾਂ ਦੀ ਇਕ ਹੋਰ ਸਿਫਤ ਹੁੰਦੀ ਹੈ ਕਿ ਉਹ ਪੱਥਰ ਤੇ ਲਕੀਰ ਹੁੰਦੇ ਹਨ, ਉਹ ਅਟਲ ਹੁੰਦੇ ਹਨ ਬਚਨਾਂ ਨੂੰ ਸਤਿਗੁਰੂ ਮਹਾਂਪੁਰਖ ਸੂਰਬੀਰ ਪੁਗਾਉਂਦੇ ਹਨ ਇਸ ਵਾਸਤੇ ਭਾਵੇਂ ਕਿੰਨੀ ਕੁਰਬਾਨੀ ਵੀ ਕਰਨੀ ਪਵੇ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਭਾਵੇਂ ਸਭ ਕੁਝ ਬਿਨਸ ਜਾਵੇਗਾ ਪਰ ਇਕ ਸਾਧੂ ਦਾ ਬਚਨ ਅਟਲ, ਨਿਹਚਲ ਅਤੇ ਅਗਾਧ ਹੈ :

ਗਿਰਿ ਬਸੁਧਾ ਜਲ ਪਵਨ ਜਾਇਗੋ
ਇਕ ਸਾਧੂ ਬਚਨ ਅਟਲਾਧਾ   ਮਹਲ ੫

—ਅਟਲ ਬਚਨ ਸਾਧੂ ਜਨਾ
ਸਭ ਮਹਿ ਪ੍ਰਗਟਾਇਆ   ਮਹਲ ੫

—ਨਾਨਕ ਦਾਸ ਮੁਖ ਤੇ ਜੋ ਬੋਲੈ
ਈਹਾ ਊਹਾ ਸਚ ਹੋਵੈ   ਮ: ੫

—ਹਉ ਬਲਿਹਾਰੀ ਸਤਿਗੁਰ ਪੂਰੇ
ਸਰਣਿ ਕੇ ਦਾਤੇ ਬਚਨ ਕੇ ਸੂਰੇ   ਮ: ੫

—ਰਘੁ ਕੁਲ ਰੀਤ ਸਦਾ ਚਲੀ ਆਈ
ਪ੍ਰਾਣ ਜਾਏ ਪਰ ਬਚਨ ਨ ਜਾਈ   ਤੁਲਸੀ

ਫਰੀਦ ਜੀ ਨੇ ਆਸਾ ਦੇ ਸ਼ਬਦ ਵਿਚ ਦਸਿਆ ਹੈ ਕਿ ਬੋਲਣਾ ਕੀ ਚਾਹੀਦਾ ਹੈ ਉਹਨਾਂ ਦਾ ਕਥਨ ਹੈ :

ਬੋਲੀਐ ਸਚੁ ਧਰਮੁ ਝੂਠੁ ਨਾ ਬੋਲੀਐ

ਕਬੀਰ ਜੀ ਨੇ ਇਹ ਮਸ਼ਵਰਾ ਦਿਤਾ ਹੈ ਕਿ ਜੇ ਤਾਂ ਕੋਈ ਸੰਤ ਆਪ ਨੂੰ ਮਿਲਦਾ ਹੈ ਤਾਂ ਉਸ ਨੂੰ ਕੁਝ ਕਹਿ ਲਵੋ ਅਤੇ ਕੁਝ ਉਸ ਤੋਂ ਸੁਣ ਲਵੋ, ਪਰ ਜੇ ਕੋਈ ਅਸੰਤ ਹੈ ਤਾਂ ਮਸਟ ਮਾਰ ਕੇ ਚੁੱਪ ਰਹੋ। ਸੰਤ ਨਾਲ ਬੋਲਣਾ ਉਪਕਾਰ ਹੈ ਮੂਰਖ ਨਾਲ ਬੋਲਣਾ ਝੱਖ ਮਾਰਨਾ ਹੈ। ਬਹੁਤਾ ਬੋਲਣ ਨਾਲ ਵਿਕਾਰ 'ਚ ਹੀ ਵਾਧਾ ਹੁੰਦਾ ਹੈ ਪਰ ਬੋਲੇ ਬਿਨਾਂ ਸਰਦਾ ਵੀ ਨਹੀਂ ਪਰ ਸਖਣਾ ਘੜਾ ਜ਼ਿਆਦਾ ਬੋਲਦਾ ਹੈ ਅਤੇ ਭਰਿਆ ਹੋਇਆ ਘਟ ਬੋਲਦਾ ਹੈ :

ਸੰਤ ਮਿਲੈ ਕਿਛੁ ਸੁਨੀਐ ਕਹੀਐ
ਮਿਲੈ ਅਸੰਤੁ ਮਸਟਿ ਕਰਿ ਰਹੀਐ
ਬਾਬਾ ਬੋਲਨਾ ਕਿਆ ਕਹੀਐ ॥
ਜੈਸੇ ਰਾਮ ਨਾਮ ਰਵਿ ਰਹੀਐ ॥ ੧ ॥ ਰਹਾਉ ॥
ਸੰਤਨ ਸਿਉ ਬੋਲੇ ਉਪਕਾਰੀ
ਮੂਰਖ ਸਿਉ ਬੋਲੇ ਝਖ ਮਾਰੀ ॥ ੨ ॥
ਬੋਲਤ ਬੋਲਤ ਬਢਹਿ ਬਿਕਾਰਾ
ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥ ੩ ॥
ਕਹੁ ਕਬੀਰ ਛੂਛਾ ਘਟੁ ਬੋਲੈ
ਭਰਿਆ ਹੋਇ ਸੁ ਕਬਹੁ ਨ ਡੋਲੈ ॥
ਗੋਂਡ ਸ੍ਰੀ ਕਬੀਰ ਜੀਉ

ਸਾਰੀ ਗੱਲ ਚੋਂ ਇਹ ਸਿੱਟਾ ਨਿਕਲਦਾ ਹੈ ਕਿ ਅਕਾਲ ਪੁਰਖ ਵਲੋਂ ਦਿਤੀ ਬੋਲਾਂ ਦੀ ਅਥਾਹ ਸ਼ਕਤੀ ਦਾ ਪ੍ਰਯੋਗ ਸਹੀ ਕਰਨਾ ਚਾਹੀਦਾ ਹੈ। ਬਹੁਤਾ ਨਹੀਂ ਬੋਲਣਾ ਚਾਹੀਦਾ, ਜੋ ਬੋਲਣਾ ਹੋਵੇ ਉਹ ਸੱਚ ਹੋਵੇ, ਧਰਮ ਹੋਵੇ, ਜੋ ਬੋਲਿਆ ਜਾਵੇ ਹਿਰਦਿਓਂ ਹੋਵੇ, ਮਿੱਠੀ ਬੋਲੀ ਹੋਵੇ ਭਲੀ ਅਤੇ ਚੰਗੀ ਗੱਲ ਕੀਤੀ ਜਾਵੇ। ਸੰਤਾਂ ਨਾਲ ਬੋਲਿਆ ਜਾਵੇ ਮੂਰਖਾਂ ਤੋਂ ਬਚਿਆ ਜਾਵੇ। ਸਭ ਤੋਂ ਚੰਗੀ ਗੱਲ ਹੈ ਰਾਮ ਦਾ ਨਾਮ ਹੀ ਬੋਲਿਆ ਜਾਵੇ। ਇਹ ਸਭ ਤੋਂ ਉੱਤਮ ਗੱਲ ਹੋਵੇਗੀ। ਪਰ ਜੋ ਬੋਲਿਆ ਜਾਵੇ ਉਸ ਤੇ ਪਹਿਰਾ ਦਿਤਾ ਜਾਵੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary   NamdhariElibrary@gmail.com

# ਗੀਤਾ ਉਪਦੇਸ਼

ਸ੍ਰੀ ਕ੍ਰਿਸ਼ਨ ਜੀ ਦੀ ਜੀਵਨ ਲੀਲਾ ਵਿਚ ਮਹਾਂ ਭਾਰਤ ਦੇ ਯੁਧ ਦੇ ਸ਼ੁਰੂ ਸਮੇਂ ਅਰਜਨ ਨੂੰ ਦਿਤਾ ਉਪਦੇਸ਼ ਬਹੁਤ ਮਹੱਤਵ ਪੂਰਨ ਫਲਸਫਾ ਹੈ। ਇਸ ਨੂੰ ਸ੍ਰੀਮਦ ਭਗਵਤ ਗੀਤਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਕੁਲ ਅਠਾਰਾਂ ਅਧਿਆਏ ਹਨ। ਇਹ ਤਿੰਨ ਖੰਡਾਂ ਵਿਚ ਵੰਡੇ ਗਏ ਹਨ। ਕਰਮ ਜੋਗ, ਗਿਆਨ ਜੋਗ ਅਤੇ ਭਗਤੀ ਜੋਗ। ਕਹਿੰਦੇ ਹਨ ਗੀਤਾ ਭਾਰਤੀ ਫਲਸਫੇ ਦੀ ਜਾਨ ਹੈ। ਗੀਤਾ ਦਾ ਪਾਠ ਕਰਨ ਵਾਲਾ ਵਿਅਕਤੀ ਜੀਵਨ ਫਲਸਫੇ ਨੂੰ ਸਮਝ ਕੇ ਹਮੇਸ਼ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਇਸ ਸੰਸਾਰ ਪ੍ਰਸਿਧ ਰਚਨਾ ਦਾ ਪੰਜਾਬੀ ਵਿਚ ਕਾਵਿਮਈ ਅਨੁਵਾਦ ਪ੍ਰਸਿਧ ਵਿਦਵਾਨ ਸਵਰਗੀ ਸਮਸ਼ੇਰ ਸਿੰਘ ਅਸ਼ੋਕ ਜੀ ਨੇ ਕੀਤਾ ਸੀ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਸੀ। ਇਸ ਅਨੁਵਾਦਤ ਗ੍ਰੰਥ ਚੋਂ ਕੁਝ ਅੰਸ਼ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ (੨੭ ਅਗਸਤ ੧੯੮੬) ਦੇ ਸਬੰਧ ਵਿਚ ਲੇਖਕ, ਪ੍ਰਕਾਸ਼ਕ ਦੇ ਧੰਨਵਾਦ ਸਹਿਤ ਛਾਪ ਰਹੇ ਹਾਂ।

—ਸੰਪਾਦਕ

## ਸਾਂਖ ਜੋਗ

ਨਿਤ ਆਤਮ, ਨਾ ਜਨਮੇ ਮਰੇ,
ਜਨਮ-ਮਰਨ ਵਿਚ ਜਗ ਇਹ ਫਿਰੇ।
ਮੈਂ ਤੂੰ ਤੇ ਇਹ ਰਾਜੇ ਲੋਕ—
ਹੋਂਦੇ ਆਏ, ਫਿਰ ਕਿਉਂ ਸ਼ੋਕ ? ੧੨

ਜੀਵ ਜਨਮ ਲੈ ਰੰਗ ਵਟਾਵੇ,
ਬਾਲ ਜੁਆਨ ਹੋਇ ਬ੍ਰਿਧ ਦਿਖਾਵੇ,
ਪਰ ਜੋ ਧੀਰਜਵਾਨ ਗਿਆਨੀ
ਦੇਖਿ ਨ ਝਮਕੇ, ਜਗ ਇਹ ਫ਼ਾਨੀ। ੧੩

... ... ...

ਜਿਸ ਦੇ ਦਿਲ ਤੇ ਰਸ ਕਸ ਆਦਿ,
ਪਾਣ ਨ ਗ਼ਲਬਾ ਛੋੜਿ ਵਿਖਾਦ,
ਸੁਖ-ਦੁਖ ਨੂੰ ਜੋ ਸਮ ਕਰਿ ਜਾਣੇ,
ਜੀਵਨ ਮੁਕਤ ਸੁ ਸਭ ਰੰਗ ਮਾਣੇ, । ੧੫

ਝੂਠ ਸੱਚ ਹੈ ਹੋ ਨਹੀਂ ਸਕਦਾ,
ਸੱਚ ਕਦੇ ਵੀ ਖੋ ਨਹੀਂ ਸਕਦਾ।
ਝੂਠ-ਸੱਚ ਦੇ ਤੱਤ ਨਿਤਾਰਿ
ਗਿਆਨੀ ਆਪੇ ਲੈਣ ਵਿਚਾਰ। ੧੬

ਅਬਿਨਾਸ਼ੀ ਜੀਵਾਤਮ ਜਾਣ,
ਜੋ ਵਿਆਪੇ ਪਿਆ ਏਸ ਜਹਾਨ,
ਅਜਰ ਅਮਰ ਉਹ ਹਰਿ ਹੈ ਖ਼ਾਸ,
ਕੌਣ ਕਰੇ ਫਿਰ ਉਸ ਦਾ ਨਾਸ਼ ? ੧੭

ਇਹ ਦੇਹਾਂ ਜੋ ਧਾਰੇ ਜੀਤ
ਹੋਇ ਅਵੱਸ਼ ਇਨ੍ਹਾਂ ਦਾ ਅੰਤ,
ਏਸ ਲਈ, ਹੇ ਭਾਰਤ ਵੀਰ !
ਕਰ ਤੂੰ ਜੰਗ, ਨ ਹਉ ਅਧੀਰ। ੧੮

ਜੀਵਾਤਮ ਇਹ ਮੂਲ ਨ ਮਰੇ,
ਫ਼ਿਕਰ ਕੋਈ ਕਿਉਂ ਇਸ ਦਾ ਕਰੇ ?
ਜੋ ਕਰਦਾ ਸੋ ਹੈ ਅਗਿਆਨੀ,
ਐਵੇਂ ਕਰੇ ਅਕਲ ਦੀ ਹਾਨੀ। ੧੯

ਜਨਮੇ ਮਰੇ ਨ ਆਵੇ ਜਾਇ,
ਰਿਹਾ ਆਤਮਾ ਜਗਤਿ ਸਮਾਇ।
ਜਦ ਹੋਵੇ ਇਸ ਤਨ ਦਾ ਨਾਸ,
ਤਦ ਵੀ ਹੈ ਇਹ ਅਮਰ ਪ੍ਰਕਾਸ਼। ੨੦

ਜਾਣ ਆਤਮਾ ਅਮਰ ਅਜੋਨੀ,
ਲਖੇ ਜੋ ਜੋਗੀ ਤਪਸੀ ਮੋਨੀ,
ਫਿਰ ਉਹ ਕਿਵੇਂ ਕਿਸੇ ਨੂੰ ਮਾਰੇ ?
ਨਾ ਉਹ ਮਰੇ ਨਾ ਜਨਮ ਫਿਰ ਧਾਰੇ। ੨੧

ਜਿਵੇਂ ਪੁਰਸ਼ ਤਜਿ ਵਸਤ੍ਰ ਪੁਰਾਣੇ,
ਪਹਿਨੇ ਨਵੇਂ, ਇਹ ਸਭ ਜਗ ਜਾਣੇ,
ਤਿਉਂ ਜੀਵਾਤਮ ਤਿਆਗੇ ਦੇਹੁ,
ਧਰੇ ਨਵੀਂ, ਤਜਿ ਪਿਛਲਾ ਨੇਹੁ। ੨੨

ਸ਼ਸਤ੍ਰ ਇਸ ਨੂੰ ਪਾੜ ਨਹੀਂ ਸਕਦੇ,
ਅਗ ਦੇ ਲੂੰਬੇ ਸਾੜ ਨਹੀਂ ਸਕਦੇ,
ਜਲ ਇਸ ਨੂੰ ਭਿਉਂ ਸਕਦਾ ਨਾਹੀਂ,
ਵਾ ਵਿਚ ਇਹ ਸੁਕ ਸਕਦਾ ਨਾਹੀਂ। ੨੩



Sri Satguru Jagjit Singh Ji eLibrary NamdhariElibrary@gmail.com

ਜੋ ਜਨਮੇ ਸੋ ਮਰੇ ਬਹੋਰ,
ਮਰਨ ਬਾਦ ਫਿਰ ਜੂਨੀ ਹੋਰ,
ਆਵਣ ਜਾਣ ਇਹ ਟਲੇ ਨ, ਹਾਇ !
ਤੂੰ ਐਵੇਂ ਕਿਹਾ ਸੋਚ ਦੁੜਾਇ । ੨੭

ਪਹਿਲਾਂ ਜੀਵ ਜੁ ਸੱਤ ਸਰੂਪ,
ਜਨਮ ਧਾਰਿ ਹੋਇ ਮਾਨੁਖ ਰੂਪ,
ਅੰਤ ਸੁ ਜੋਤੀ ਜੋਤਿ ਸਮਾਵੇ,
ਫਿਰ ਕਿਉਂ ਚਿੰਤਾ, ਸਮਝ ਨਾ ਆਵੇ । ੨੮

ਆਤਮ ਤਤੁ ਇਹ ਗਹਿਰ ਗੰਭੀਰ,
ਦੇਖਣ, ਕਹਿਣ, ਸੁਣਨ ਕਈ ਵੀਰ,
ਪਰ ਇਸ ਦਾ ਕੋਈ ਭੇਦ ਨ ਜਾਣੇ,
ਕਹਿ ਕਹਿ ਕੇ ਗਏ ਬਹੁਤ ਸਿਆਣੇ । ੨੯

ਸਭ ਦੇਹਾਂ ਵਿਚ ਆਤਮ ਵਸਦਾ,
ਫੁੱਲਾਂ ਵਾਂਗੂ ਨਿੱਤ ਜੋ ਹਸਦਾ,
ਕੋਈ ਇਸ ਨੂੰ ਸਕੇ ਨ ਮਾਰ,
ਇਸ ਲਈ ਸੋਚ ਨ ਕਰ ਤੂੰ, ਯਾਰ ! ੩੦

... ... ...

ਕਰਮ-ਜੋਗ ਦਾ ਕਰਿ ਅਭਿਆਸ,
ਫਲ-ਪ੍ਰਾਪਤਿ ਦੀ ਰੱਖ ਨ ਆਸ,
ਥੋੜ੍ਹਾ ਜੇ ਸਾਧਨ ਹੋ ਜਾਇ,
ਮੌਤ ਜਿਹੀ ਵੀ ਟਲੇ ਬਲਾਇ । ੪੦

... ... ... ...

ਜਿਉਂ ਸਰਵਰ ਦੇ ਤਟ ਜੋ ਜਾਵੇ,
ਜਲ ਪੀਵੇ ਸਭ ਤ੍ਰਿਖਾ ਮਿਟਾਵੇ,
ਤਿਉਂ ਗਿਆਨੀ ਪਾਇ ਆਤਮ-ਗਿਆਨ,
ਵੇਦ-ਵਾਦ ਦੀ ਕਰੇ ਨ ਸਨਾਨ ੪੬

ਕਰਮ-ਜੋਗ ਵਿਚ ਰੱਖ ਅਧਿਕਾਰ,
ਫਲ ਦੀ ਇੱਛਾ ਨਾ ਦਿਲ ਧਾਰ
ਕਰਮ-ਵਾਸਨਾ ਮੂਲੋਂ ਤਿਆਗ,
ਤਦ ਤੇਰਾ ਜੀਵਨ ਵਡਭਾਗ । ੪੭

... ... ... ...

ਮਨ-ਇਛਾ ਸਭ ਤਿਆਗ ਜੁ ਧਰੇ
ਤੇ ਮਨ ਅਪਨਾ ਕਾਬੂ ਕਰੇ,
ਆਪ 'ਚ ਆਪਾ ਲਵੇ ਸਮਾਇ,
'ਥਿਰ ਬੁੱਧੀ' ਸੋ ਪੁਰਸ਼ ਕਹਾਇ । ੫੫

ਦੁਖ ਦੇ ਵਿਚ ਜੋ ਡਿਗੇ ਨ ਡੋਲੇ,
ਸੁਖ ਵਿਚ ਨਾ ਖਿੜਕੇ ਹੋ ਬੋਲੇ,
ਸੀਤ ਰਾਗ, ਭੈ-ਕ੍ਰੋਧੋਂ ਬਾਹਿਰ,
'ਥਿਰ ਬੁੱਧੀ' ਸੋ ਮੁਨਿ ਹੈ ਜ਼ਾਹਿਰ । ੫੬

ਜਗ ਵਿਚ ਜੀਉ ਸੰਗ ਕਰੇ ਜੁ ਪ੍ਰੀਤ
ਬੁਰਾ ਕਿਸੇ ਦਾ ਧਰੇ ਨ ਚੀਤ,
ਪਰ ਹੋਇ ਰਾਗ-ਦ੍ਵੇਖ ਤੋਂ ਹੀਨ,
'ਥਿਰ ਬੁੱਧੀ' ਸੋ ਪੁਰਸ਼ ਪ੍ਰਬੀਨ । ੫੭

ਕੱਛੂ ਜਿਉਂ ਖਤਰਾ ਸਿਰ ਜਾਣ,
ਅਪਣੇ ਅੰਗ ਸੰਕੋਚੇ ਆਣ,
ਇੰਦਰੀਆਂ ਤਿਉਂ ਵਿਸ਼ਿਓਂ ਰੋਕ,
ਲਵੇ ਸਮੇਟ ਸੁ ਗੁਰਮੁਖ ਲੋਕ । ੫੮

ਧ੍ਰਿਤ ਰਖੇ ਜੋ ਅੰਨ ਨ ਖਾਵੇ,
ਵਿਸ਼ੇ-ਵਾਸ਼ ਉਸ ਦੀ ਘਟ ਜਾਵੇ,
ਪਰ ਇਹ ਵਾਸ ਦਿਲੋਂ ਤਦ ਜਾਇ,
ਜੋਗ ਵਿਚ ਜਦ ਪੁਰਸ਼ ਸਮਾਇ । ੫੯

ਇੰਦਰੀਆਂ ਇਹ ਅਤਿ ਬਲਵਾਨ,
ਜਤਨ ਕਰੇਂਦਿਆਂ ਹੀ ਠਗ ਜਾਣ,
ਮਨ ਲੈ ਜਾਵਣ ਇਹ ਮੂੰਹ ਜ਼ੋਰ,
ਜਿੱਥੇ ਵੱਸ ਨ ਚਲੇ ਬਹੋਰ । ੬੦

ਜੋ ਏਨ੍ਹਾਂ ਨੂੰ ਹਟਕੇ ਹੋੜੇ,
ਤੇ ਮੇਰੇ ਵਿਚ ਮਨ ਨੂੰ ਜੋੜੇ,
ਵਸ ਕਰਿ ਰੱਖੇ ਦਸ ਹੀ ਦੁਆਰ,
'ਥਿਰ ਬੁੱਧੀ' ਸੋ ਪੁਰਸ਼ ਉਦਾਰ । ੬੧

ਜੋ ਵਿਸ਼ਿਆਂ ਨੂੰ ਚਿਤਵੇ ਪ੍ਰਾਣੀ,
ਵਿਸ਼ੇ ਵਧਣ ਤਿਸ ਦੀ ਹੋਇ ਹਾਨੀ,
ਵਧੇ ਕਾਮ ਤੇ ਕ੍ਰੋਧ ਵੀ ਆਇ,
ਕਰਮ-ਧਰਮ ਸਭ ਹੀ ਮਿਟ ਜਾਇ । ੬੨

ਕ੍ਰੋਧੋਂ ਮੂਰਖਤਾ ਲਏ ਜਨਮ,
ਮੂਰਖਤਾ ਤੋਂ ਚਿਤ ਹੋਇ ਵਿਭ੍ਰਮ,
ਭ੍ਰਮ ਵਧੇ ਸੁਧਿ ਦਾ ਹੋਇ ਨਾਸ,
ਨਰਕਾਂ ਵਿਚ ਫਿਰ ਹੋਵੇ ਵਾਸ । ੬੩



Sri Satguru Jagjit Singh Ji eLibrary NamdhariElibrary@gmail.com

ਰਾਗ-ਦ੍ਵੈਖ ਦਾ ਕਰੇ ਜੁ ਤਿਆਗ,
ਤੇ ਵਿਸ਼ਿਆਂ ਤੋਂ ਧਰੇ ਵਿਰਾਗ,
ਆਪੇ ਨੂੰ ਜੋ ਵਸ ਵਿਚ ਕਰੇ,
ਆਤਮ ਸੁਖ ਪਾ ਸੋ ਨਿਸਤਰੇ। ੬੪

ਆਤਮਾ ਜਦ ਨਿਰਮਲ ਹੋਇ ਜਾਵੇ,
ਫੇਰ ਦੁੱਖ ਨਾ ਕੋਈ ਵਿਆਪੇ,
ਚਿਤ ਪ੍ਰਸੰਨ ਹੋਇ ਸੁਖ ਪਾਇ,
ਬੁੱਧੀ ਥਿਰ ਹੋਇ ਸਹਿਜ ਸੁਭਾਇ। ੬੫

ਜੋਗ ਬਿਨਾ ਨਹੀਂ ਪ੍ਰਗਟੇ ਬੁੱਧਿ,
ਬੁੱਧਿ ਬਿਨ ਹੋਇ ਨ ਨਿਸਚਾ ਸ਼ੁੱਧ
ਹਰਿ ਦੀ ਟੇਕ ਨ ਧਰੇ ਕਦੰਤ,
ਜੀਵ ਬਣੇ ਵਿਸ਼ਟਾ ਦਾ ਜੰਤ। ੬੬

ਇੰਦਰੀਆਂ ਪਿੱਛੇ ਮਨ ਧਾਵੇ,
ਜਿਤ ਵਲ ਜਾਵੇ ਦੁਖ ਹੀ ਪਾਵੇ,
ਬੇੜੀ ਨੂੰ ਜਿਉਂ ਡੋਬੇ ਵਾਇ,
ਤਿਉਂ ਵਿਸ਼ਿਆਂ ਵਿਚ ਰਸ ਦੁਖ ਪਾਇ। ੬੭

ਇੰਦਰੀਆਂ ਇਹ ਕਉਆਂ ਤਾਣ,
ਚਹੁੰਦਿਸ ਦੌੜਨ ਧਾ ਘਮਸਾਣ,
ਬੁੱਧੀਮਾਨ ਇਨ੍ਹਾਂ ਨੂੰ ਮੋੜੇ,
ਆਪੇ ਵਿਚ ਹਾ ਮਨ ਨੂੰ ਜੋੜੇ। ੬੮

ਰਾਤ ਪਈ ਸੌਂ ਜਾਂਦੇ ਪ੍ਰਾਣੀ,
ਜੋਗੀ ਜਾਗਣ ਪਦ-ਨਿਰਬਾਣੀ,
ਦਿਨ ਜਦ ਜਾਗਿ ਜੀਵ ਸਭ ਭਉਂਦੇ,
ਜੋਗੀ ਸੋਇ ਸਮਾਧੀ ਲਉਂਦੇ। ੬੯

ਸਾਤ ਚਿਨੋ ਇਹ ਹੋੜ ਵਿਹਾਇ,
ਨਦੀਆਂ ਪੈਣ ਜਿਉਂ ਸਾਗਰ ਧਾਇ,
'ਥਿਰ ਬੁੱਧੀ' ਜੋ ਪੁਰਸ਼ ਕਹਾਵਣ,
ਤਿਉਂ ਹਰਿ ਨੂੰ ਮਿਲ ਕੇ ਸੁਖ ਪਾਵਣ। ੭੦

ਜੋ ਨਰ ਛਿਲੀ ਕਾਮਨਾ ਤਜਾਰ,
ਨਿਰ ਇੱਛਤ ਵਿਚਰੇ ਸੰਸਾਰ,
ਮਮਤਾ ਰਹਿਤ ਤਜੇ ਅਭਿਮਾਨ,
ਸਾਂਤਿ ਪਾਇ ਸੋ ਪੁਰਸ਼ ਸੁਜਾਨ। ੭੧

ਅਰਜਨ! ਇਹ ਉਸ ਨਰ ਦੀ ਹਾਲਤ,
ਬ੍ਰਹਮ 'ਚ ਥਿਤ ਜੋ ਤਜੇ ਜਹਾਲਤ,
ਮਾਯਾ ਨ ਮੋਹੇ, ਕਾਲ ਨ ਖਾਇ,
ਅੰਤ ਲਹੇ ਨਿਰਬਾਣ ਸੁ ਜਾਇ। ੭੨

## ਕਰਮ-ਜੋਗ

ਨੇਮ ਕੁਦਰਤੀ ਜਗਿ ਇਹ ਜਾਣੀਂ,
ਕਰਮ ਕਰੇਂਦਾ ਹਰ ਕੋਈ ਪ੍ਰਾਣੀ।
ਬਿਨ ਕੁਝ ਕੀਤੇ ਰਿਹਾ ਨਾ ਜਾਵੇ,
ਤਦ ਕਿਉਂ ਨਾ ਨਰ ਕਰਮ ਕਮਾਵੇ ? ੫

... ... ... ...

ਜੱਗ ਤੋਂ ਬਚਿਆ ਅੰਨ ਜੁ ਖਾਂਦੇ,
ਪਾਪ ਉਨ੍ਹਾਂ ਦੇ ਸਭ ਮਿਟ ਜਾਂਦੇ।
ਪਰ ਉਹ ਅੰਨ ਜੋ ਪੇਟੂ ਖਾਣ,
ਪਾਪਾਂ ਦਾ ਉਹ ਭਾਰ ਉਠਾਣ। ੧੩

ਅੰਨੋਂ ਜੀਵ ਹੋਇ ਉਤਪੰਨ,
ਵਰਖਾ ਥੀਂ ਪੈਦਾ ਹੋਇ ਅੰਨ,
ਜੱਗੋਂ ਮੀਂਹ ਵਰਸੇ ਝੜ ਲਾਇ,
ਕਰਮ ਕੀਤਿਆਂ ਜਗ ਹੋ ਜਾਇ। ੧੪

ਕੁਦਰਤ ਆਪ ਕਰਮ ਸਭ ਥਾਪ,
ਆਪੇ ਫਿਰ ਉਹ ਲਏ ਉਥਾਪ।
ਮੂਰਖ ਜਾਣੇ ਮੈਂ ਸਭ ਕਰਦਾ,
ਪਾਣੀ ਰਿੜਕੇ ਖਪਿ ਖਪਿ ਮਰਦਾ। ੨੭

... ... ... ...

ਕਾਮ ਕ੍ਰੋਧ ਹਨ ਪਾਪੀ ਵੈਰੇ,
ਰਜ ਗੁਣ ਤੋਂ ਪੈਦਾ ਜੋ ਹੋਏ।
ਇਹ ਵੈਰੀ ਅਪਣੇ ਤੂੰ ਜਾਣ,
ਦਿਨੇ ਰਾਤ ਜੋ ਜਗ ਨੂੰ ਖਾਣ। ੩੭

ਧੂੰ ਅਗ ਤੇ ਜਿਉਂ ਪੜਦਾ ਪਾਵੇ,
ਮਲ ਸੀਸਾ ਜਿਉਂ ਢਕਿ ਧੁੰਦਲਾਵੇ,
ਔਲ 'ਚ ਢਕਿਆ ਗਰਭ ਜਿਉਂ ਆਖੇਂ,
ਕਾਮ 'ਚ ਢਕੀ ਬੁੱਧਿ ਤਿਉਂ ਜਾਪੇ। ੩੮

ਕਾਮ ਦੁਸ਼ਟ ਇਹ, ਸੁਣ ਤੂੰ ਅਰਜਨ!
ਰਾਹ ਲੱਭਦਾਂ ਜੋ ਗਿਆਨ ਤੇ ਬ੍ਰਿਧ ਜਨ।
ਇਸ ਦੇ ਵਸ ਸਭ ਚਲਦੇ ਹੋਏ,
ਕਰਮ ਕਰਨ ਦੁਖ ਭਰਦੇ ਹੋਏ। ੩੯



Sri Satguru Jagjit Singh Ji eLibrary NamdhariElibrary@gmail.com

ਇੰਦਰੀਆਂ ਤੇ ਮਨ ਛੁਹਿ ਜਾਣ,
ਇਸ ਦੇ ਹਨ ਇਹ ਵਾਸ-ਅਸਥਾਨ।
ਫਸ ਇਨ੍ਹਾਂ ਵਿਚ ਜੀ ਇਹ ਮੋਹੇ,
ਗਿਆਨ ਉੱਤੇ ਪਰਦਾ ਪਾ ਦੇਹੇ। ੪੦

ਇਸ ਲਈ ਪਹਿਲਾਂ, ਕੁੰਤੀ ਲਾਲ!
ਇੰਦਰੀਆਂ ਦੀ ਰੱਖ ਸੰਭਾਲ।
ਫਿਰ ਜੋ ਕਾਮ ਪਾਪ ਦੀ ਪੋਟ,
ਜਿਤ ਉਸ ਨੂੰ ਲਾ ਦੇ ਸੋ ਚੋਟ। ੪੧

ਤਨ ਤੋਂ ਪਰੇ ਇੰਦਰੀਆਂ, ਅਰਜਨ!
ਇੰਦ੍ਰੀਆਂ ਪਰੇ ਜਾਣ ਤੂੰ ਇਹ ਮਨ,
ਮਨ ਤੋਂ ਪਰੇ ਬੁੱਧਿ ਸੁਖ-ਧਾਮ,
ਉਸ ਥੀਂ ਪਰੇ ਆਤਮਾ ਰਾਮ। ੪੨

ਬੁੱਧਿ ਤੋਂ ਪਰੇ ਤੂੰ ਆਪਾ ਜਾਣ,
ਤੇ ਆਪੇ ਵਿਚ ਆਪੁ ਪਛਾਣ,
ਮਾਰ ਕਾਮ ਫਿਰ ਕਰਿ ਕੇ ਚੀਤ,
ਜਿੱਤ ਸਕਣੂ ਜੋ ਦਿਸੇ ਅਜੀਤ। ੪੩

### ਗਿਆਨ ਜੋਗ

ਅਰਜਨ! ਜਨਮ ਜੁ ਮੇਰੇ ਤੇਰੇ—
ਹੋਏ ਜਗ ਤੇ ਆਣਿ ਘਨੇਰੇ।
ਮੈਂ ਜਾਣਾ, ਸੋ ਤੂੰ ਨਹੀਂ ਜਾਣੇ,
ਇਸ ਲਈ ਤਜ ਇਹ ਖ਼ਿਆਲ ਨਿਤਾਣੇ। ੫

ਜਦੋਂ ਧਰਮ ਦੀ ਹੋਇ ਗਿਲਾਨੀ,
ਵਧੇ ਪਾਪ, ਹੋਵੇ ਅਤਿ ਹਾਨੀ।
ਤਦ ਮੈਂ ਜਨਮ ਧਰਾਂ ਜਗਿ ਆਇ,
ਵਧੇ ਧਰਮ, ਦਿਆਂ ਸੁਖ ਵਰਤਾਇ। ੭

ਸੰਤ ਜਨਾਂ ਦਾ ਕਰਾਂ ਉਧਾਰ,
ਦੁਸ਼ਟਾਂ ਦਾ ਮੈਂ ਕਰਾਂ ਸੰਘਾਰ,
ਜਗ ਤੇ ਪ੍ਰਗਟ ਮਨੁੱਖ ਤਨ ਪਾਵਾਂ,
ਜੁਗ ਜੁਗ ਦੇ ਵਿਚ ਧਰਮ ਚਲਾਵਾਂ। ੮

ਜਿਸ ਦੇ ਕਰਮ ਸ਼ੁਰੂ ਤੋਂ ਸੋਹਣੇ—
ਇੱਛਾ-ਭਾਵ ਰਹਿਤ ਮਨ-ਮੋਹਣੇ,
ਉਸ ਦੀ ਸਭ ਹੀ ਉਸਤਤਿ ਕਰਦੇ—
ਅਕਲ ਓਸ ਦੀ ਦਾ ਦਮ ਭਰਦੇ। ੧੯

... ... ...

ਤਨ ਤੇ ਮਨ ਜੋ ਵਸ ਵਿਚ ਕਰੇ,
ਛਡਿ ਤ੍ਰਿਸ਼ਨਾ ਸੁਖ-ਭੋਗ ਜ ਵਿਚਰੇ।
ਉਹ ਸਭ ਕਰਦਾ ਹੋਇਆ ਕਰਮ—
ਰਹੇ ਅਦੋਖ ਤੇ ਪਾਲੇ ਧਰਮ। ੨੧

... ... ...

ਜੋ ਮਨਮੁਖ ਸ਼ਰਧਾ ਨਾ ਧਾਰੇ,
ਤੇ ਨਿੱਤ ਸੰਸਾ ਹੀ ਪਰਚਾਰੇ,
ਸੋ ਏਥੇ ਸੁਖ ਮੂਲ ਨਾ ਪਾਵੇ,
ਅੰਤ ਨਾਲ ਨਰਕਾਂ ਵਿੱਚ ਜਾਵੇ। ੪੦

### ਕਰਮ ਤੇ ਸਨਿਆਸ

ਜਗ ਦੇ ਭੋਗਾਂ ਵਿਚ ਨਾ ਰਸਦੇ—
ਜੋ ਰਸੀਏ ਹਨ ਆਤਮ-ਰਸ ਦੇ।
ਬ੍ਰਹਮ-ਗਿਆਨ ਵਿਚ ਹੋ ਕੇ ਲੀਨ,
ਸੁਖ ਪਾਂਦੇ ਸੋ ਜਨ ਚਿਰਕੀਨ। ੨੧

... ... ...

ਸੋ ਸੁਖੀਆ ਜਿਸ ਮਰਨੋਂ ਪਹਿਲਾਂ,
ਮਨ ਨਾਥਿਆ ਦੁਖ ਜਾਵਨੋਂ ਪਹਿਲਾਂ,
ਕਾਮ-ਕ੍ਰੋਧ ਦੇ ਵੇਗ ਜੁ ਉਲਟੇ,
ਰੋਕੇ ਤੇ ਰੁਖ ਉਨ੍ਹਾਂ ਦੇ ਪਲਟੇ। ੨੩

ਜਿਸ ਦੇ ਆਤਮੇ ਹੋਇ ਪ੍ਰਕਾਸ਼—
ਵਧਿ ਫੁਲਿ ਸੋ ਪਾਵੇ ਸੁਖ-ਵਾਸ।
ਉਸ ਨੂੰ ਬ੍ਰਹਮ ਰੂਪ ਹੀ ਜਾਣ,
ਅੰਤ ਸੁ ਪਾਵੇ ਪਦ ਨਿਰਬਾਣ। ੨੪

ਕਿਲਵਿਖ ਹੋਏ ਨਾਸ਼ ਜਿਨ੍ਹਾਂ ਦੇ,
ਸੰਸ਼ੇ, ਮਾਯਾ ਪਏ ਭਾਗ ਤਿਨ੍ਹਾਂ ਦੇ,
ਰਿਖੀ ਮੁਨੀ ਸੋ ਤਪ ਕਰਿ ਤਰਦੇ,
ਦੁਬਿਧਾ ਕਟਿ ਸਭ ਜਗਤ ਉਧਰਦੇ। ੨੫



Sri Satguru Jagjit Singh Ji eLibrary NamdhariElibrary@gmail.com

ਸਿਲਸਿਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਜੁਲਾਈ ੧੯੭੮ ਦਾ ਅੰਕ ਦੇਖੋ)

**੨੨ ਸਤੰਬਰ ੧੯੭੮ ਸ਼ੁਕਰਵਾਰ**
**ਨਵੀਂ ਦਿੱਲੀ**

## ਆਨੰਦ ਵਾਲੀ ਚਿੱਠੀ

ਪਿਛਲੇ ਦਿਨ ਮੈਨੂੰ ਕਾਮਰੇਡ ਜਗਜੀਤ ਸਿੰਘ ਆਨੰਦ ਮੁਖ ਸੰਪਾਦਕ ਰੋਜ਼ਾਨਾ ਨਵਾਂ ਜ਼ਮਾਨਾ ਅਤੇ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਪੰਜਾਬ ਦੇ ਲੀਡਰ ਦੀ ਇਕ ਚਿੱਠੀ ਵੇਖਣ ਨੂੰ ਮਿਲੀ, ਜੋ ਉਸਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਭੇਜੀ ਸੀ। ਉਸਦੇ ਦੋ ਪੈਰੇ ਮੈਨੂੰ ਆਪਣੇ ਮਤਲਬ ਦੇ ਲਗੇ ਜੋ ਮੈਂ ਹੇਠਾਂ ਦੇ ਰਿਹਾ ਹਾਂ:

ਕੈਂਪ ਡਿਸਟ੍ਰਿਕਟ ਜੇਲ੍ਹ, ਜਲੰਧਰ
੧੭ ਸਤੰਬਰ ੧੯੭੮

ਪਰਮ ਸਤਿਕਾਰਯੋਗ ਮਹਾਰਾਜ ਜੀ

ਅੰਮ੍ਰਿਤਸਰ ਵਿਚ ਤੁਸੀਂ ਨਾਮਧਾਰੀ ਸ਼ਹੀਦਾਂ ਦੇ ਪੁਰਬ ਉੱਤੇ ਜਿਹੜਾ ਧੜੱਲੇਦਾਰ ਸਟੈਂਡ ਲਿਆ ਹੈ ਉਸਦੀ ਦਿਲੀ ਸ਼ਲਾਘਾ ਲਈ ਇਹ ਸਤਰਾਂ ਲਿਖ ਰਿਹਾ ਹਾਂ। ਤੁਸਾਂ ਬੜਾ ਵੇਲੇ ਸਿਰ ਤੇ ਦਲੇਰੀ ਵਾਲਾ ਭਾਸ਼ਣ ਦਿਤਾ ਹੈ।

ਮਲਹੋਤਰਾ ਜੀ ਵੀ ਇਥੇ ਮੇਰੇ ਨਾਲ ਹਨ ਤੇ ਅਸੀਂ ਦੋਵੇਂ ਆਪਣੀ ਪਾਰਟੀ ਵਲੋਂ ਪੂਰਾ ਭਰੋਸਾ ਦੁਆਉਂਦੇ ਹਾਂ ਕਿ ਅਸੂਲੀ ਤੇ ਦ੍ਰਿੜ੍ਹ ਸਟੈਂਡ ਵਿਚ ਸਾਡੀ ਪਾਰਟੀ ਤੁਹਾਡਾ ਪੂਰਾ ਸਾਥ ਦੇਵੇਗੀ।"

ਅਤੇ ਆਪਣੀ ਪਿਛਲੀ ਵਿਦੇਸ਼ ਫੇਰੀ ਦਾ ਜ਼ਿਕਰ ਕਰਦਿਆਂ ਵਿਚ ਇਕ ਪੈਰਾ ਲਿਖਿਆ ਹੈ:

"ਦਿੱਲੀ ਆਕੇ ਮਹਾਰਾਜ ਬੀਰ ਸਿੰਘ ਜੀ ਦਾ "ਵਰਿਆਮ" ਵਿਚ ਚੌਹਦਾਰੀ ਕੂਕੂ ਬਾਰੇ ਬੜਾ ਬਾਦਲੀਲ ਲੇਖ ਪੜ੍ਹਿਆ। ਉਨ੍ਹਾਂ ਨੂੰ ਮੇਰੀ ਵਧਾਈ ਦੇਣੀ।"

ਹੋਰ ਲਿਖਿਆ:

"ਯੂ.ਕੇ. ਮੈਂ ਤਿੰਨ ਸਤੰਬਰ ਰਾਤ ਨੂੰ ਸਭੰਅ ਇਕ ਪ੍ਰੀਤੀ ਭੋਜ ਤੇ ਗਿਆ ਸਾਂ। ਸ: ਧਰਮ ਸਿੰਘ ਭਦਰਾ ਜੀ ਨੂੰ ਉਸ ਭੋਜ ਉਤੇ ਉਚੇਚਾ ਸਦਵਾਕੇ ਮਿਲਿਆ ਸਾਂ। ਉਹ ਹਰ ਤਰ੍ਹਾਂ ਠੀਕ ਠਾਕ ਹਨ ਤੇ ਤੁਹਾਨੂੰ ਪ੍ਰਣਾਮ ਭੇਜਦੇ ਸਨ।

"ਕੀ ਤੁਸੀਂ ਜਦੀਦੀ ਸਮਾਗਮ ਪਿਛੋਂ ਪ੍ਰੀਤ ਨਗਰ ਉਮਾ ਭੈਣ ਕੋਲ ਗਏ ਸੀ? ਕਦੇ ਕਦਾਈਂ ਜ਼ਰੂਰ ਮਿਲ ਆਉਣਾ।

"ਮਾਤਾ ਜੀ ਤੇ ਬੀਬਾ ਜੀ ਨੂੰ ਮੇਰੀ ਸਨੇਹ ਭਰੀ ਯਾਦ ਦੇਣਾ।"

## ਸੰਤ ਪ੍ਰੀਤਮ ਸਿੰਘ ਬਾਲੀ ਨਗਰ

ਅੱਜ ਸਵੇਰੇ ੮-੩੦ ਵਜੇ ਮੈਂ ਸੰਤ ਪ੍ਰੀਤਮ ਸਿੰਘ ਜੀ ਨੂੰ ਬਾਲੀ ਨਗਰ ਨੂੰ ਮਿਲਣ ਗਿਆ। ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਇਕ ਵਾਰ ਉਹ ਆਪ, ਉਹਦਾ ਕੁੜਮ ਸ:



ਸਤਿਗੁਰੂ ਜਗਜੀਤ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com



ਸੰਤ ਪ੍ਰੀਤਮ ਸਿੰਘ ਬਾਲੀ ਨਗਰ ਦਿੱਲੀ

ਹਰਬੰਸ ਸਿੰਘ ਤੇ ਦੋ ਹੋਰ ਸਕੀਰ ਸਤਿਗੁਰੂ ਜੀ ਪਾਸ ਰਏ। (ਥਾਂ ਦਾ ਮੈਨੂੰ ਚੇਤਾ ਨਹੀਂ ਰਿਹਾ—ਲੇਖਕ)। ਸਤਿਗੁਰੂ ਜੀ ਨੇ ਸਾਡੇ ਨਾਲ ਬੜਾ ਪ੍ਰੇਮ ਕੀਤਾ। ਇਹ ਗੱਲ ਸਾਡੇ ਲਈ ਵਡੇ ਮਾਣ ਵਾਲੀ ਸੀ ਕਿ ਸੱਚੇ ਪਾਤਸ਼ਾਹ ਜੀ ਸਾਨੂੰ ਆਪ ਫਲ ਕੱਟ ਕੱਟ ਕੇ ਖਵਾਂਦੇ ਰਹੇ। ਬੜੀ ਮੌਜ ਵਿਚ ਸਨ। ਬਚਨ ਕੀਤੇ ਨੇ: ਮੇਰਾ ਚਿਤ ਕਰਦਾ ਹੈ ਕਿ ਹਰ ਨਾਮਧਾਰੀ ਪਾਸ ਐਸੀ ਹੀ ਕਨੀ ਹੋਵੇ ਜਿਸ ਦੀ ਛੱਤ ਤੇ ਆਪਾਂ ਬੈਠੇ ਹਾਂ।

ਪ੍ਰੀਤਮ ਸਿੰਘ ਹੁਰਾਂ ਕਿਹਾ: ਸਤਿਗੁਰਾਂ ਦੀ ਗੀਤ ਉਨ੍ਹਾਂ ਚਹੁੰਆਂ ਬੰਦਿਆਂ 'ਤੇ ਤਾਂ ਲਾਗੂ ਹੋ ਗਈ ਜੋ ਉਸ ਦਿਨ ਆਪ ਤੋਂ ਫਲ ਛੱਕ ਰਹੇ ਸਨ। ਅੱਜ ਸਾਡੇ ਚਹੁਆਂ ਪਾਸ ਸੁੰਦਰ ਕੋਠੀਆਂ ਹਨ।

ਇਕ ਗੱਲ ਪ੍ਰੀਤਮ ਸਿੰਘ ਹੋਰਾਂ ਹੋਰ ਦੱਸੀ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵਡੇ ਵਡੇ ਵਾਧੂ ਖਰਚ ਆ ਪੈਂਦੇ ਹਨ ਤੇ ਉਹ ਅਜਿਹੇ ਖਰਚਿਆਂ ਲਈ ਰਕਮਾਂ ਮੰਗ ਮੰਗਵਾ ਲੈਂਦੇ ਹਨ। ਸਾਨੂੰ ਵੀ ਉਹ ਲੋੜ ਸਮੇਂ ਹੁਕਮ ਕਰਦੇ ਹਨ। ਪਰ ਉਨ੍ਹਾਂ ਵਿਹਾਰ ਦਾ ਪੈਸਾ ਕਦੇ ਰੱਖਿਆ ਨਹੀਂ। (ਅਰਥਾਤ ਉਨ੍ਹਾਂ ਲਿਆ ਪੈਸਾ ਵਾਪਸ ਕਰਦੇ ਹਨ)।

"ਇਕ ਵਾਰ, ਹੋਰ ਸਾਰੀ ਰਕਮ ਮਿਲ ਗਈ ਪਰ ਕੁਝ ਰਕਮ ਨਾ ਦਿਤੀ ਗਈ। ਸਾਲ ਭੇਚ ਬੀਤ ਗਿਆ। ਮੈਂ ਸੋਚਿਆ, ਹੁਣ ਰਕਮ ਕਿਥੋਂ ਮਿਲਣੀ ਹੈ, ਭੁੱਲ ਹੀ ਜਾਵਾਂ।

ਅਗਲੇ ਦਿਨ ਹੀ ਮੈਨੂੰ ਭੈਣੀ ਸਾਹਿਬੋਂ ਬੁਲਾਵਾ ਆ ਗਿਆ। ਤਾਂ ਸੰਤ ਬਲਕਾਰ ਸਿੰਘ (ਉਸ ਵੇਲੇ ਦਾ ਹਜ਼ੂਰੀ ਸੇਵਕ) ਨੇ ਰਕਮ ਗਿਣਕੇ ਮੇਰੀ ਤਲੀ ਤੇ ਧਰ ਦਿਤੀ।

"ਦਿਨ ਚੜੇ ਸਤਿਗੁਰੂ ਜੀ ਨੇ ਮੈਨੂੰ ਬੁਲਾਕੇ ਬਲਕਾਰ ਸਿੰਘ ਨੂੰ ਆਗਿਆ ਕੀਤੀ: ਪ੍ਰੀਤਮ ਸਿੰਘ ਕਾਰੋਬਾਰੀ ਹੈ। ਇਸਨੂੰ ਇਹਦੀ ਰਕਮ ਦੇ ਦਿਓ। ਵਾਪਸ ਕੰਮ ਤੇ ਚਲਾ ਜਾਵੇ।

"ਮੈਂ ਅਰਜ਼ ਕੀਤੀ ਕਿ ਰਕਮ ਤਾਂ ਆਉਂਦਿਆਂ ਹੀ ਰਾਤੀਂ ਮਿਲ ਗਈ ਸੀ। ਸਤਿਗੁਰੂ ਮੁਸਕਰਾਏ: ਪਿਛਲੀ ਦੇਰ ਦੀ ਤਾਂ ਗੱਲ ਕੋਈ ਨਹੀਂ। ਪਰ ਜਦੋਂ ਰਕਮ ਕੋਲ ਹੋਵੇ ਤਾਂ ਦੇਣਦਾਰੀ ਇਕ ਦਿਨ ਲਈ ਵੀ ਰੜਕਦੀ ਹੈ।"

ਸੰਤ ਪ੍ਰੀਤਮ ਸਿੰਘ ਅਨਪੜ੍ਹ ਆਦਮੀ ਹੈ। ਪਾਕਿਸਤਾਨ ਬਣਨ ਵੇਲੇ ਉਧਰੋਂ ਆਕੇ ਦਿੱਲੀ ਵਿਚ ਬੜੀ ਮਿਹਨਤ ਮੁਸ਼ੱਕਤ ਨਾਲ ਪਰਵਾਰ ਪਾਲਿਆ। ਫਿਰ ਠੇਕੇਦਾਰੀ ਦੀ ਹਿੰਮਤ ਕੀਤੀ। ਬਿਲਡਿੰਗ ਕੰਟਰੈਕਟਰ ਬਣਿਆ—ਲੋਕਾਂ ਦੀਆਂ ਬੜੀਆਂ ਕੋਠੀਆਂ ਬਣਵਾਈਆਂ। ਉਹਨਾਂ ਵਿਚੋਂ ਪ੍ਰਾਪਤ ਸਰਮਾਏ ਨੇ ਮਦਦ ਕੀਤੀ ਰਬੜ ਤੇ ਪੀ.ਵੀ.ਸੀ. ਦੀਆਂ ਚੱਪਲਾਂ ਬਣਾਉਣ ਦਾ ਕਾਰਖਾਨਾ ਲਾ ਲਿਆ। ਬੱਚੇ ਵੀ ਜੁਆਨ ਹੋ ਗਏ। ਹੁਣ ਤਿੰਨ ਸਾਲ ਤੋਂ ਵੱਡੀ ਕੀਮਤ ਤੇ ਪਗੜੀ ਤੇ ਲਈ ਹੋਈ ਚੱਪਲ ਮਾਰਕਿਟ ਸਦਰ ਬਾਜ਼ਾਰ ਵਿਚ ਦੁਕਾਨ ਵੀ ਚਲਦੀ ਹੈ। ਅੱਜ ਕਲ੍ਹ ਆਪਣੀ ਕੋਠੀ ਉਤੇ ਦੋ ਮੰਜ਼ਲਾ ਹੋਰ ਵੀ ਉਸਾਰ ਰਹੀਆਂ ਹਨ। ਦੋ ਬੱਚੇ ਵਿਆਹ ਲਏ ਹਨ।

## ੨੪ ਸਤੰਬਰ ੧੯੭੮ ਐਤਵਾਰ
## ਨਵੀਂ ਦਿੱਲੀ

### ਕਾਮਲ ਮਨਸੂਰ

ਕਰੀਬ ੯ ਵਜੇ ਸਵੇਰੇ ਸ: ਤਾਰਾ ਸਿੰਘ ਕਾਮਲ ਸੰਪਾਦਕ ਸਪਤਾਹਕ 'ਲੋਕ ਰੰਗ' ਅਤੇ ਸ: ਤਰਲੋਕ ਸਿੰਘ 'ਮਨਸੂਰ' (ਹਰਦਵਾਨੀ) ਮੇਰੇ ਘਰ ਆਏ। ਮਨਸੂਰ ਜੀ ਨੇ ਹੀ ਕਮਾਲ ਨੂੰ ਨਾਲ ਲਿਆਂਦਾ ਸੀ। ਸ੍ਰੀ ਮਨਸੂਰ ਸੁਘੜ ਕਵੀ ਹਨ ਤੇ ਲੇਖਕ ਵੀ। ਉਹ ਸ: ਜਗਦੀਸ਼ ਸਿੰਘ ਸੰਪਾਦਕ "ਵਰਿਆਮ" ਨੂੰ ਜਲੰਧਰੋਂ ਮਿਲਕੇ ਆਏ ਸਨ ਤੇ ਉਨ੍ਹਾਂ ਹੀ ਮੇਰੇ ਨਾਲ ਮਿਲਣ ਦੀ ਪ੍ਰੇਰਨਾ ਦਿਤੀ ਸੀ। ਮੈਂ ਸਰਦਾਰ ਮਨਸੂਰ ਨੂੰ ਅਪਣੇ ਮਿੱਤਰ ਕਾਮਰੇਡ ਖੁਰਮੀਦੀ ਦੇ ਦੱਸਿਆਂ ਜਾਣਦਾ ਸਾਂ। ਮਨਸੂਰ ਜਿਥੇ ਕਵੀ ਤੇ ਲੇਖਕ ਹੈ, ਉਥੇ



Sri Satguru Jagjit Singh Ji eLibrary NamdhariElibrary@gmail.com

ਚਿੰਤਕ ਅਤੇ ਵਿਗਿਆਨੀ ਦਾ ਚਿਤਾ ਵੀ ਨਕਲ ਵਾਲਾ ਹੈ। ਪਰਸਪਰ ਸਾਂਝ ਪਿਆਰ ਤੇ ਸਮ ਸੁਨੇਹ ਦੀ ਗੱਲ ਚਲਦੀ ਰਹੀ ਤਾਂ 'ਲੌਂਗ ਤੇਗ' ਵਿਚ ਛਪੇ ਨਵੇਂ ਨਿਰੰਕਾਰੀ ਵਿਰੋਧ ਮੋਰਚੇ ਦੀ ਗੱਲ ਵੀ ਚਲੀ। ਸ: ਤਾਰਾ ਸਿੰਘ ਨੇ ਅਨੇਕਾਂ ਦਿਲਚਸਪ ਅੰਦਰੂਨੀ ਮੁਲਾਕਾਤਾਂ ਸੁਣਾਈਆਂ।

ਸ: ਕਾਮਲ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਵੀ ਇੱਛਾ ਪਰਗਟ ਕੀਤੀ।

ਗੱਲਾਂ ਨੇ ਕਈ ਪਲਸੇਟੇ ਲਏ। ਤੇ ਸ: ਮਨਸੂਰ ਨੇ ਇਕ ਲਤੀਫਾ ਸੁਣਾਇਆ:

ਕੋਈ ਜੱਟ, ਕਿਸੇ ਮੌਕੇ, ਇਕ ਕਫਨ ਵੇਚਦੇ ਦੁਕਾਨਦਾਰ ਤੋਂ ਬੜਾ ਪ੍ਰਭਾਵਤ ਹੋਇਆ। ਮੌਸਮ ਹੀ ਕੁਝ ਅਜਿਹਾ ਸੀ ਕਿ ਕਫਨਾਂ ਦੀ ਵਿਕਰੀ ਵੱਧੀ ਹੋ ਰਹੀ ਸੀ। ਜੱਟ ਨੇ ਇਸ ਕਾਰੋਬਾਰ ਵਿਚ ਤਰੱਕੀ ਦੇ ਸੁਪਨੇ ਸਾਕਾਰ ਵੇਖਦੇ, ਜ਼ਮੀਨ ਵੇਚ ਜਾਂ ਕਿਸੇ ਤੋਂ ਉਧਾਰ ਫੜ, ਓਸੇ ਦੁਕਾਨ ਦੇ ਸਾਹਮਣੇ ਇਕ ਹੋਰ ਕਫਨ ਦੁਕਾਨ ਖੋਲ੍ਹ ਦਿੱਤੀ। ਕਫਨ ਵੇਚ ਮੁਕਾਬਲਾ ਜਾਰੀ ਹੋ ਗਿਆ। ੨੦ ਤੋਂ ੧੮, ੧੮ ਤੋਂ ੧੬ ਤੇ ਫਿਰ ਲਾਗਤ ਕੀਮਤ ਤੇ ਕਫਨ ਵਿਕਣ ਲਗੇ। ਅਸਲ ਕੀਮਤ ਤੋਂ ਘੱਟ ਵੇਚਣਾ ਤਾਂ ਘਾਟਾ ਮੁਸ਼ਕਲ ਲਗਦਾ ਸੀ ਸੋ ਜੱਟ ਨੇ ਮੁਕਾਬਲੇ ਦਾ ਇਕ ਹੋਰ ਤਰੀਕਾ ਲਭ ਲਿਆ, "ਜੋ ਗਾਹਕ ਮੇਰੇ ਪਾਸੋਂ ਕਫਨ ਲਵੇਗਾ ਮੈਂ ਉਸਨੂੰ ਛੋਟੇ ਬੱਚੇ ਦਾ ਕਫਨ ਮੁਫਤ ਦਿਆਂਗਾ।"

ਮਿਤਰਤਾ ਦੇ ਮਹੌਲ ਵਿਚ ਕਿਹੜੀਆਂ ਗੱਲਾਂ ਨਹੀਂ ਹੁੰਦੀਆਂ!

## ਕੋ-੧੭ ਵਿਚ

ਇਹਨਾਂ ਨੂੰ ਵਿਦਾ ਕਰ ਡਾ: ਅਜਿਤ ਗਾਗੀ ਨਾਲ ਹੰਸਪਾਲ ਜੀ ਦੇ ਘਰ ਗਿਆ। ਉਥੇ ਦੱਖਣ ਵਿਚਲੇ ਸਿੱਖ ਸਭੀਆਂ ਨੇ ਜੋ ਸ: ਟੋਹੜੇ ਨੂੰ ਨਾਮਧਾਰੀਆਂ ਖਿਲਾਫ ਚਿੱਠੀ ਲਿਖੀ ਸੀ ਤੇ ਜਿਸ ਬਾਰੇ ਸਕੱਤਰ ਨਾਮਧਾਰੀ ਦਰਬਾਰ ਨੇ ਵੀ ਸ੍ਰ: ਕ: ਨੇ ਲਿਖਿਆ ਸੀ, ਬਾਰੇ ਵਿਚਾਰ ਚਰਚਾ ਹੋਈ। ਸਾਰਿਆਂ ਦਾ ਹੀ ਮਤ ਸੀ, ਜਣੇ ਸ੍ਰ: ਕ: ਦੇ ਕਿ ਦਵੇਖਾਂ ਵਿਚ ਸਿੱਖਾਂ ਨੂੰ ਪਰਸਪਰ ਪ੍ਰੇਮ ਨਾਲ ਹੀ ਰਹਿਣਾ ਚਾਹੀਦਾ ਹੈ। ਮਤਭੇਦਾਂ ਨੂੰ ਬਹੁਤਾ ਉਛਾਲਣਾ ਨਹੀਂ ਚਾਹੀਦਾ।

ਸ: ਹੰਸਪਾਲ ਨੇ 'ਕੌਮੀ ਏਕਤਾ' ਦੇ ਸੰਪਾਦਕ ਸ: ਹਜਿੰਦਰ ਸਿੰਘ ਡਾਲੀਏ ਬਾਰੇ ਦਸਿਆ ਕਿ ਉਹ ਸ੍ਰੀ ਭੈਣੀ ਸਾਹਿਬ ਮੇਲੇ ਤੋਂ ੫-੭ ਦਿਨ ਪਹਿਲਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸ: ਗੁਰਚਰਨ ਸਿੰਘ ਟੋਹੜਾ ਨੂੰ ਨੌਕੇ ਜਿਨ ਤ੍ਰਲਕ ਸਿੰਘ ਹੁਰਾਂ ਨੂੰ ਉਹਨਾਂ ਦੀ ਕੋਠੀ ਮਿਲਣ ਆਇਆ ਸੀ। ਚਾਹੇ ਸਦਭਾਵਨਾ ਵਿਚਾਰਾਂ ਤਾਂ ਹੋਈਆਂ ਪਰ ਅਸੀਂ ਸਹੁਰਾ ਪੱਖ ਤੇ ਨਹੀਂ ਪੁਛਿਆ। ਸਿੱਖ ਪੰਥ ਦੀ ਏਕਤਾ ਬਾਰੇ ਗੱਲ ਚੱਲੀ ਤੇ ਨਾਮਧਾਰੀਆਂ ਦੇ ਵਿਭੇਦ ਬਾਰੇ ਵੀ। ਪਰ ਸਾਡੀ ਦੀ ਚਾਹੁੰਦੇ ਸਨ ਕਿ ਪਰਸਪਰ ਵਿਰੋਧ ਦੀ ਅਗਾਂਹੀ ਪ੍ਰਫੁੱਲਤਾ ਨਾ ਕੀਤੀ ਜਾਏ।

ਸੰਤ ਹਜ਼ੂਰਾ ਸਿੰਘ ਹੁਲਾਣੀ ਬੰਬਈ ਵਾਲੇ ਵੀ ਅੱਜ ਮੈਨੂੰ ਨਿਵਾਜਣ ਮੇਰੇ ਘਰ ਆਏ। ਬੰਬਈ ਵਿਚ ਆਮ ਨਾਮਧਾਰੀਆਂ ਦੀ ਹਾਜ਼ਰ ਤੇ ਮੇਰੇ ਨਾਲ ਪ੍ਰੇਮ ਭਾਵਨਾ ਰਖਣ ਵਾਲੇ ਹਨ।

## ਗੁਰਗਦੀ ਦਿਵਸ

ਜੇ-ਜੇ ਕਲੋਨੀ (ਰਘੁਬੀਰ ਨਗਰ) ਵਾਲੇ ਸੰਤ ਬਲਵੰਤ ਸਿੰਘ ਅਤੇ ਸੰਤ ਕਰਤਾਰ ਸਿੰਘ ਦੇ ਉਦਮ ਨਾਲ ਨਾਮਧਾਰੀ ਗੁਰਦੁਆਰਾ ਜੇ-ਜੇ ਕਾਲੋਨੀ ਵਿਚ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਦਿਵਸ ਮਨਾਇਆ ਗਿਆ। ੭ ਤੋਂ ੮ ਤਕ ਸਮੂਹਿਕ ਨਾਮ ਸਿਮਰਨ ਹੋਇਆ। ਫਿਰ ਅੱਧੇ ਘੰਟੇ ਲਈ ਉਸਤਾਦ ਹਰਭਜਨ ਸਿੰਘ-ਗੁਰਦੇਵ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਤਕਰੀਰਾਂ ਹੋਈਆਂ। ੯ ਤੋਂ ੧੦ ਤਕ ਹੋਲੇ ਦਾ ਦੀਵਾਨ ਸਜਿਆ ਅਤੇ ਫਿਰ ਕਵੀ ਦਰਬਾਰ ਵੀ ਹੋਇਆ। ਸਾਰਾ ਪ੍ਰੋਗਰਾਮ ਪ੍ਰਭਾਵਸ਼ਾਲੀ ਸੀ।

## ਨਵਾਂ ਜ਼ਮਾਨਾ ਦੀ ਵੰਗਾਰ

ਕਲ੍ਹ ਦਾ ਰੋਜ਼ਾਨਾ 'ਨਵਾਂ ਜ਼ਮਾਨਾ' ਅੱਜ ਮਿਲਿਆ। ਇਸਦੀ ਸੰਪਾਦਕੀ "ਸੈਕੂਲਰ ਸ਼ਕਤੀਆਂ ਲਈ ਵੰਗਾਰ" ਵਿਚ ਬਾਦਲ ਸਰਕਾਰ ਬਾਰੇ ਪੰਜਾਂ ਪੈਰਿਆਂ ਦੇ ਲੇਖ ਵਿਚੋਂ ਚੌਥੇ ਪੈਰੇ ਵਿਚ ਯੁਯੋਗ ਸੰਪਾਦਕ ਲਿਖਦਾ ਹੈ:

"ਖੁਦ ਸਾਡੇ ਪੰਜਾਬ ਵਿਚ ਵੀ ਇਸ ਗੱਲ ਦਾ ਖ਼ਤਰਾ ਮੌਜੂਦ ਹੈ ਕਿ ਅਕਾਲੀ ਜਨੂਨ ਤੇ ਤੁਅਸਬ ਦਾ ਅਗਲਾ ਨਿਸ਼ਾਨਾ ਨਾਮਧਾਰੀ ਬਣਨਗੇ। ਇਹੋ ਜਿਹੀ ਬਿਆਨਬਾਜ਼ੀ ਤਾਂ ਪਹਿਲਾਂ ਹੀ ਸ਼ੁਰੂ ਹੋ ਚੁਕੀ ਹੈ ਕਿ ਨਾਮਧਾਰੀਆਂ ਅਤੇ ਕੂਕਿਆਂ ਨੂੰ ਮੂੰਹ ਨਾ ਲਾਓ।

"ਇਹ ਸਥਿਤੀ ਸਾਰੀਆਂ ਸੈਕੂਲਰ ਸ਼ਕਤੀਆਂ ਲਈ ਵੰਗਾਰ ਦੀ ਹੈਸੀਅਤ ਰਖਦੀ ਹੈ। ਇਸ ਵੰਗਾਰ ਨੂੰ ਕਬੂਲ ਕਰਨਾ ਤੇ ਵੰਨ ਸੁਵੰਨਤਾ ਵਿਚ ਏਕਤਾ ਦੇ ਦੋਖੀਆਂ ਨੂੰ ਇਕਮੁਠ ਹੋ ਕੇ ਪਛਾੜਨਾ ਸਾਡਾ ਸਭ ਦਾ ਸਾਂਝਾ ਫਰਜ਼ ਹੈ। ਸਾਡਾ ਯਕੀਨ ਹੈ ਕਿ ਸਾਡੇ ਦੇਸ਼ ਦੀਆਂ ਸੈਕੂਲਰ ਸ਼ਕਤੀਆਂ ਅਵੱਸ਼ ਹੀ ਇਕਮੁਠ ਹੋ ਕੇ ਇਹ ਫਰਜ਼ ਨਿਭਾਉਣਗੀਆਂ।"



Sri Satguru Jagjit Singh Ji eLibrary NamdhariElibrary@gmail.com

## ੨੫ ਸਤੰਬਰ ੧੯੭੮ ਸੋਮਵਾਰ
## ਨਵੀਂ ਦਿੱਲੀ

ਅੱਜ ਮੇਰੇ ਪੋਤਰੇ ਜਸਵਿੰਦਰ ਸਿੰਘ ਸਪੁੱਤਰ ਮਨਧੀਰ ਸਿੰਘ ਦਾ ਜਨਮ ਦਿਨ ਹੈ। ਉਸ ਨੇ ਜੀਵਨ ਪੌੜੀ ਦੇ ਨਾਵੇਂ ਡੰਡੇ ਤੇ ਪੈਰ ਧਰੇ ਹਨ।

ਸਵਰਗਵਾਸੀ ਸੰਤ ਦੁਆਰਕਾ ਸਿੰਘ ਭੁੱਲਾ ਦਾ ਲੜਕਾ ਬਲਬੀਰ ਸਿੰਘ ਮੇਰੇ ਅਧਿਐਨ ਲਈ ਮਹਾਰਾਜ ਬੀਰ ਸਿੰਘ ਜੀ ਤੋਂ ਕੁਝ ਜ਼ਰੂਰੀ ਦਸਤਾਵੇਜ਼ ਲਿਆਇਆ।

ਦਲਸ਼ੇਰ ਸਿੰਘ ਨੇ ਸੁਨੇਹਾ ਦਿਤਾ ਕਿ ਸਤਿਗੁਰੂ ਜੀ ਦੇ ਸਕੱਤਰ ਸੰਤ ਤਹਨੇਮ ਸਿੰਘ ਨੇ ਆਖਿਆ ਹੈ ਕਿ ਮੈਂ ੨੬-੯-੭੮ ਦੀ ਸ਼ਾਮ ਤਕ ਭੈਣੀ ਸਾਹਿਬ ਜ਼ਰੂਰ ਪਹੁੰਚ ਜਾਵਾਂ।

## ੨੬ ਸਤੰਬਰ ੧੯੭੮ ਮੰਗਲਵਾਰ
## ਸ੍ਰੀ ਭੈਣੀ ਸਾਹਿਬ

ਦਿੱਲੀ ਦੇ ਅੰਤਰ ਰਾਜੀਆ ਬੱਸ ਅੱਡੇ ਤੋਂ ੭ ਵਜੇ ਦੀ ਬਸ ਜਾ ਫੜੀ ਤੇ ੧੨ ਵਜਦੇ ਨੂੰ ਚੰਡੀਗੜ੍ਹ ਪਹੁੰਚ ਗਿਆ ਕਾਮਰੇਡਾਂ ਨੂੰ ਮਿਲਣ ਤੇ ਜੀ ਕਰਦਾ ਸੀ। ਇਸ ਲਈ ਚਾਰ ਕੁ ਘੰਟੇ ਏਥੇ ਹੀ ਠਹਿਰਨ ਦਾ ਮਨ ਬਣਾਇਆ ਹੋਇਆ ਸੀ।

**ਕਾ: ਸੁਰਜੀਤ ਖੁਰਸ਼ੀਦੀ**

ਸੋ ਮੈਂ ਅਰੋਮਾ ਹੋਟਲ ਦੇ ਲਾਗੇ ੨੨ ਅਤੇ ੨੧ ਸੈਕਟਰ ਦੇ ਵਿਚਾਲੇ ਦੀ ਸੜਕ ਤੋਂ ੨੨ ਸੈਕਟਰ ਵਾਲੇ ਪਾਸੇ 'ਪੰਜਾਬ ਬੁਕ ਸੈਂਟਰ' ਦੀ ਦੁਕਾਨ ਤੇ ਪਹੁੰਚ ਗਿਆ। ਇਥੇ ਹੀ ਰੂਮ ਅਤੇ ਦਫਤਰ ਵਾਸਤੇ ਤਿੰਨ ਫੜਾਂ ਦੀ ਉਸਾਰੀ ਸੀ. ਪੀ. ਆਈ. ਵਾਲਿਆਂ ਕੀਤੀ ਹੋਈ ਹੈ। ਮਿੱਤਰ ਹੋਮ ਰਾਜ ਜੈਨ ਤਾਂ ਨਾ ਮਿਲਿਆ ਪਰ ਪਿਆਰਾ ਕਾਮਰੇਡ ਸੁਰਜੀਤ ਖੁਰਸ਼ੀਦੀ ਮਿਲ ਪਿਆ।

ਹੱਦ ਹੋ ਗਈ। ਅਜੇ ਪਰਸੋਂ ਤਾਂ ਸ੍ਰੀ ਹਰਲੋਕ ਮਨਸੂਰ ਤੋਂ ਪਤਾ ਲਗਾ ਸੀ ਖੁਰਸ਼ੀਦੀ ਮਾਸਕੋ ਗਿਆ ਹੋਇਆ ਹੈ। ਅੱਜ ਜਦੋਂ ਮਿਲ ਪਿਆ ਤਾਂ ਖੁਸ਼ੀ ਤਾਂ ਹੋਣੀ ਸੀ। ਸੋਚਿਆ ਛੋਟਾ ਜਿਹਾ ਸਾਖਿਆਤਕਾਰ ਹੀ ਕਰ ਲਵਾਂ ਅਰਥਾਤ ਇੰਟਰਵੀਊ ਹੋ ਜਾਏ।

ਫਸਟ ਕਲਾਸ ਤਿੰਨ ਛੱਤੀ ਬਿਲਡਿੰਗ ਦੇ ਵਿਚਾਲਲੀ ਛੱਤ ਵਿਚ, ਕਿਤਾਬਾਂ ਸਜੇ ਆਪਣੇ ਕਮਰੇ ਵਿਚ ਟੇਬਲਾਂ ਦੇ ਪਿਛਲੇ ਘੁੰਮਣੀ ਕੁਰਸੀ ਤੇ ਬੈਠੇ ਕਾਮਰੇਡ ਖੁਰਸ਼ੀਦੀ ਦੇ ਸੱਜਰੇ ਕੱਟੇ ਸਿਰ ਦੇ ਵਾਲ ਅਤੇ ਸੇਵ ਕੀਤੀ ਠੋਡੀ ਤਾਜ਼ਾ-ਤਾਜ਼ਾ ਸੀ। ਮੇਰੀਆਂ ਪੁੱਛਾਂ ਦਾ ਉੱਤਰ ਉਸਨੇ ਟੇਬਲ ਤੇ ਪਈਆਂ ਕਿਤਾਬਾਂ ਨੂੰ ਠੀਕ ਸਿਰ ਕਰਦਿਆਂ ਇਸ ਤਰ੍ਹਾਂ ਦਿਤਾ:

"ਭਾਵੇਂ ਤੁਸੀਂ, ਕਵੀ ਜੀ, ਮੈਨੂੰ ਕਲੀਨ ਸ਼ੇਵਡ ਵੇਖਦੇ ਹੋ ਪਰ ਮੈਂ ਅਜੇ ਨਾਮਧਾਰੀਆਂ ਤੋਂ ਦੂਰ ਨਹੀਂ ਹੋਇਆ। ਮੇਰੇ ਬਾਪੂ ਜੀ (ਅਰਥਾਤ ਪਿਤਾ ਜੀ) ਨਾਮਧਾਰੀ ਹਨ।

"ਬਚਪਨ ਵਿਚ ਮੈਨੂੰ ਆਪਣੀ ਭੈਣ ਦੇ ਨਾਲ ਕਾਲੇ ਪਾਣੀ ਭੇਜ ਦਿਤਾ ਗਿਆ ਸੀ। ਏਥੇ ਮੇਰੇ ਭਣਵਈਆ ਜੀ ਜੇਲ੍ਹ ਦੇ ਮੈਡੀਕਲ ਕਲਰਕ ਸਨ। ਕਾਲੇ ਪਾਣੀ ਵਿਚ ਸਾਡਾ ਘਰ ਵੀ ਡਾ: ਦੀਵਾਨ ਸਿੰਘ ਕਾਲੇ ਪਾਣੀ (ਪ੍ਰਸਿਧ ਕਵੀ) ਦੇ ਘਰ ਦੇ ਕੋਲ ਕਰਕੇ ਹੀ ਸੀ। ਜਦੋਂ ਮੈਂ ਕਾਲੇ ਪਾਣੀ ਗਿਆ, ਓਦੋਂ ਮੇਰੇ ਬਾਪੂ ਜੀ ਨਾਮਧਾਰੀ ਨਹੀਂ ਸਨ। ਚਾਦਰਾ ਬੰਨ੍ਹਦੇ ਸਨ। ਰੱਜ ਦਾੜ੍ਹੀ ਕਤਰਦੇ ਸਨ। ਊਠ, ਗਾਂ, ਮੱਝ ਜੋ ਵੀ ਪਸ਼ੂ ਘਰ ਵਿਚ ਹੁੰਦਾ ਉਨ੍ਹਾਂ ਦੇ ਕਹਿਰ ਦਾ ਨਿਸ਼ਾਨਾ ਬਣਦਾ ਤੇ ਜੇ ਹੋਰ ਕੁਝ ਨਾ ਲਭੇ ਤਾਂ ਸਾਰਾ ਗੁੱਸਾ ਮਾਂ ਉੱਤੇ ਵਰ੍ਹ ਪੈਂਦਾ। ਤੇ ਉਹ ਮਾਂ ਨੂੰ ਕੁੱਟ ਧਰਨ ਤੋਂ ਬਾਅਦ ਹੀ ਸ਼ਾਂਤ ਹੁੰਦਾ। ਸੁਭਾਅ ਦੇ ਅੜਬ ਸਨ ਤੇ ਅਸਲੋਂ ਹੀ ਜੁਦਾਕੇ ਵਰਗੇ ਕੱਦ ਕਾਠ ਤੇ ਚੌੜੀ ਚਕਲੀ ਛਾਤੀ ਵਾਲੇ ਜੁਆਨ ਸਨ।

"ਜਦੋਂ ਮੈਂ ੧੯੪੨ ਦੇ ਅਖੀਰ ਵਿਚ ਪਿੰਡ ਪਰਤ ਕੇ ਆਇਆ (੧੯੩੭ ਦਾ ਗਿਆ ਹੋਇਆ) ਓਦੋਂ ਅੰਡੇਮਾਨ ਟਾਪੂ ਤੇ ਜਪਾਨ ਦਾ ਕਬਜ਼ਾ ਹੋ ਚੁਕਾ ਸੀ। ਛਾਉਣੀ ਵਲੋਂ ਮੇਰੇ ਬਾਪੂ ਜੀ ਮੈਨੂੰ ਕਲਕਤੇ ਵਿਚ ਮਿਲੇ।

"ਇਹ ਦਰਸ਼ਨ ਹੋਏ ਤਾਂ ਬਾਪੂ ਜੀ ਦੇ ਇਕ ਹੱਥ ਵਿਚ ਗੜਵਾ, ਦੂਜੇ ਵਿਚ ਉੱਨ ਦੀ ਸਫੈਦ ਮਾਲਾ, ਖੁਲ੍ਹਾ ਦਾੜ੍ਹਾ, ਗਲ ਚਿੱਟੇ ਕਪੜੇ, ਪੈਰੀਂ ਪਊਏ। ਜਦੋਂ ਅਸੀਂ ਸਰਦੀ ਨਾਲ ਠੁਰ ਠੁਰ ਕਰ ਰਹੇ ਸਾਂ, ਉਹ ਕਾਲੀਘਟ ਗੁਰਦੁਆਰਾ ਵਿਚ ਨੇਮੀ ਇਸ਼ਨਾਨ ਕਰ ਰਹੇ ਸਨ। ਗੜਵਾ ਪਾਣੀ ਦਾ ਸਿਰ ਵਿਚ ਉਲਟ ਦੇ ਤੇ ਧੰਨ ਸਤਿਗੁਰੂ ਰਾਮ ਸਿੰਘ ਆਖਦੇ ਜਾਣ। ਮੈਂ ਹੈਰਾਨ ਹੋਵਾਂ ਕਿ ਇਹ ਉਹੀ ਮੇਰੇ ਬਾਪੂ ਜੀ ਨੇ, ਜਿਨ੍ਹਾਂ ਨੂੰ ਮੈਂ ਏਨੇ ਨਿਰਦਈ ਛਡ ਕੇ ਗਿਆ ਸਾਂ। ਹੁਣ ਤਾਂ ਇਹ ਦੇਵਤਾ ਬਣੇ ਪਏ ਨੇ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

ਪੂਰਬੀ ਅਫਰੀਕਾ ਦੀ ਯਾਤਰਾ—੫

# ਨੈਰੋਬੀ ਸ਼ਹਿਰ ਵਿਚ

—ਜਗਦੀਸ਼ ਸਿੰਘ

## ਨਮਾਂਗਾ ਬਾਰਡਰ

ਨਮਾਂਗਾ ਤਨਜ਼ਾਨੀਆ ਕੀਨੀਆ ਸਰਹੱਦ ਉਤੇ ਕਸਬਾ ਹੈ। ੧੪ ਜੁਲਾਈ ੧੯੯੫ ਨੂੰ ਸਾਡੀਆਂ ਕਾਰਾਂ ਦਾ ਕਾਫਲਾ ਏਥੇ ਖੜਾ ਸੀ। ਸਵੇਰੇ ਤਨਜ਼ਾਨੀਆ ਵਾਲੀ ਸੰਗਤ ਨੇ ਸਾਨੂੰ ਅਰੂਸ਼ਾ ਤੋਂ ਪ੍ਰੇਮ ਸਹਿਤ ਵਿਦਾਇਗੀ ਦਿਤੀ ਸੀ। ਅਸੀਂ ਭਾਰਤ ਵਾਲਿਆਂ ਨੇ ਤਾਂ ਮੁੜਕੇ ਆਰੂਸ਼ਾ ਕੋਲੋਂ ਹੀ ਵਾਪਸੀ ਜਹਾਜ਼ ਫੜਨਾ ਸੀ ਪਰ ਨੈਰੋਬੀ ਦੀ ਸੰਗਤ ਤਾਂ ਮਹਾਨ ਸਮਾਗਮ ਦੀਆਂ ਰੌਣਕਾਂ ਮਾਣ ਕੇ ਵਾਪਸ ਕੀਨੀਆ ਦੇਸ਼ ਪਰਤ ਰਹੀ ਸੀ। ਸ੍ਰੀ ਭਗਮੇਮ ਚੰਦ ਅਗਰਵਾਲ ਕਾਰਾਂ ਦੇ ਕਾਫਲੇ ਦੀ ਅਗਵਾਈ ਕਰਦੇ ਆ ਰਹੇ ਸਨ ਅਤੇ ਬਾਰਡਰ ਉਤੇ ਕਸਟਮ ਆਦਿਕ ਦੀਆਂ ਸਾਰੀਆਂ ਕਾਰਰੂਵਾਈਆਂ ਪੂਰੀਆਂ ਕਰਵਾ ਕੇ ਗਏ ਸੀ। ਨਮਾਂਗਾ ਕੋਈ ਖਾਸ ਕਸਬਾ ਨਹੀਂ ਬਸ ਕੁਝ ਝੌਂਪੜੀ ਨੁਮਾ ਦੁਕਾਨਾਂ ਸਨ। ਸਾਦੀ ਜਿਹੀ ਇਮਾਰਤ ਵਿਚ ਦਫਤਰ ਸਨ। ਇਥੋਂ ਹੀ ਅੱਗੇ ਤਨਜ਼ਾਨੀਆ ਦੇ ਕੋਈ ਮੰਤਰੀ ਸਾਹਿਬ ਦੀ ਸਰਹੱਦ ਪਾਰ ਕਰਕੇ ਕੀਨੀਆ ਜਾ ਰਹੇ ਸਨ ਉਸ ਵਾਸਤੇ ਇਥੇ ਲੋਕ ਨਿਰਤਕੀਆਂ ਦੀ ਇਕ ਪਾਰਟੀ ਨਚ ਨਚ ਗਾ ਗਾ ਕੇ ਭਾਰੀ ਹੋ ਰਹੀ ਸੀ। ਡਮਰੂਆਂ ਉਤੇ ਕਲਾਮਈ ਤਾਲਾਂ ਤੇ ਪੈਰ ਥਿਰਕ ਰਹੇ ਸਨ। ਇਕ ਘੇਰੇ ਵਿਚ ਨਾਚੀਆਂ ਇਕ ਦੂਜੇ ਨਾਲ ਜੁੜ ਕੇ ਗਾ ਰਹੀਆਂ ਸਨ। ਆਵਾਜ਼ ਸੁਰੀਲੀ ਤੇ ਟੀਪ ਤੇ ਸੀ। ਪੈਰਾਂ ਨਾਲ ਨਚਦੀਆਂ ਇਹ ਹੌਲੀ ਹੌਲੀ ਸਰਕ ਰਹੀਆਂ ਸਨ।

ਇਥੋਂ ਸਾਡਾ ਕਾਫਲਾ ਚਲਿਆਂ ਤਾਂ ਨੈਰੋਬੀ ੫ ਘੰਟਿਆਂ ਵਿਚ ਪੁਜਿਆ। ਰਸਤੇ ਵਿਚ ਕੋਈ ਵੀ ਖਾਸ ਸ਼ਹਿਰ ਨਹੀਂ ਆਇਆ ਲੰਮੀ ਉਜਾੜ ਵਿਚ ਬਹੁਤ ਵਧੀਆ ਚੌੜੀ ਸੜਕ ਤੇ ਕਾਰਾਂ ਉਡਦੀਆਂ ਜਾ ਰਹੀਆਂ ਸਨ। ਕਿਤੇ ਕਿਤੇ ਮਸਾਈ ਕਬੀਲੇ ਦੇ ਉਚੇ ਲੰਮੇ ਕੱਕਾ ਕੋਲਾ ਰੰਗੇ ਚਮਕਦੇ ਜਵਾਨ ਹੱਥਾਂ ਵਿਚ ਬਰਛੇ ਲਈ ਘੁੰਮਦੇ ਲਭੇ ਜਾਂ ਫਿਰ ਜਾਨਵਰ ਕਦੇ ਕਦੇ ਸੜਕ ਤੇ ਆ ਜਾਂਦੇ। ਇਹਨਾਂ ਦੀ ਜਿਰਾਫਾਂ ਦੇ ਝੁੰਡਿਆਂ ਦੀ ਮਟਕ ਅਜੀਬ ਜਿਹੀ ਹੁੰਦੀ। ਲੰਮੀਆਂ ਧੌਣਾਂ ਤੇ ਲੰਮੀਆਂ ਲੱਤਾਂ ਉਤੇ ਰੰਗ ਬਰੰਗੀ ਖਲ ਵਾਲੇ। ਆਲੇ ਦੁਆਲੇ ਘਾਹ ਹੀ ਘਾਹ ਸੀ, ਜੰਗਲੀ ਘਾਹ।

ਆਵਾਜਾਈ ਵੀ ਬਹੁਤ ਸੰਘਣੀ ਸੀ।

## ਨੈਰੋਬੀ ਸ਼ਹਿਰ

ਸ਼ਾਮ ਵੇਲੇ ਜਦੋਂ ਵੱਡੀਆਂ ਉਚੀਆਂ ਬਿਲਡਿੰਗਾਂ ਦਿਸਣੀਆਂ ਸ਼ੁਰੂ ਹੋਈਆਂ, ਜਦੋਂ ਉਚੀਆਂ ਚਿਮਨੀਆਂ ਚੋਂ ਧੂੰਆਂ ਨਿਕਲਦਾ ਦਿਸਿਆ ਜਦੋਂ ਆਲੇ ਦੁਆਲੇ ਨਵੀਆਂ ਸੋਹਣੀਆਂ ਕਾਰਾਂ ਘੂਕਣੀਆਂ ਸ਼ੁਰੂ ਹੋਈਆਂ ਤਾਂ ਪਤਾ ਲਗ ਗਿਆ ਕਿ ਅਸੀਂ ਨੈਰੋਬੀ ਪੁਜ ਰਹੇ ਹਾਂ। ਪੰਜਾਂ ਮਿੰਟਾਂ ਵਿਚ ਅਸੀਂ ਜਿਸ ਸ਼ਹਿਰ ਵਿਚ ਸਾਂ ਉਹ ਪੁਰਾਤਨ ਢੰਗ ਦਾ ਬਹੁਤ ਨਵੀਨ ਢੰਗ ਦਾ ਬਹੁਤਾ ਹੀ ਖ਼ੂਬਸੂਰਤ ਸ਼ਹਿਰ ਸੀ। ਸਫਾਈ ਸਲੀਕੇ ਬਨਾਵਟ ਸਜਾਵਟ ਪੱਖੋਂ ਇਕ ਸੁੰਦਰ ਨਜ਼ਾਰਾ ਸਮਝਦਾ ਸੀ। ਸ਼ਹਿਰ ਦਾਖਲ ਹੁੰਦਿਆਂ ਹੀ ਤਨਜ਼ਾਨੀਆ ਦੇ ਪ੍ਰਧਾਨ ਨਾਈਰੇਰੇ ਦਾ ਅਪਣੇ ਦੇਸ਼ ਵਾਸੀਆਂ ਨੂੰ ਨਾਮ ਸੰਦੇਸ਼ ਯਾਦ ਆਇਆ ਕਿ ਤੁਸੀਂ ਯੂਰਪ ਦੇਖਣਾ ਚਾਹੁੰਦੇ ਹੋ ਤਾਂ ਨੈਰੋਬੀ ਵੇਖ ਆਓ। ਨੈਰੋਬੀ ਮਸਾਈ ਬੋਲੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਠੰਡਾ ਪਾਣੀ'। ਨੈਰੋਬੀ ਭੂਮਧ ਰੇਖਾ ਦੇ ਨੇੜੇ ਹੋਣ ਦੇ ਬਾਵਜੂਦ ਵੀ ਠੰਡੀ ਥਾਂ ਹੈ। ਅਫਰੀਕਾ ਦੀ ਮਾਰੂ ਗਰਮੀ ਤੋਂ ਬਚੀ ਹੋਈ। ਬਹੁਤ ਸੁਖਾਵਾਂ ਮੌਸਮ ਹੁੰਦਾ ਹੈ।

ਨੈਰੋਬੀ ਸ਼ਹਿਰ ਤੋਂ ਬਾਹਰ ਹੀ ਕਾਰਾਂ ਦੀਆਂ ਸਵਾਰੀਆਂ ਟਿਕਾਣਿਆਂ ਅਨੁਸਾਰ ਅਲਗ ਅਲਗ ਹੋ ਗਈਆਂ। ਮੇਰਾ ਡੇਰਾ ਸ: ਪ੍ਰਤਾਪ ਸਿੰਘ ਜੀ ਕਲੇਰਾਂ ਦੇ ਘਰ ਸੀ। ਸ: ਪ੍ਰਤਾਪ ਸਿੰਘ ਜੀ ਸਾਡੇ ਸੰਬੰਧੀ ਸ: ਕੁਲਜੀਤ ਸਿੰਘ ਜੀ ਦੇ ਪਿਤਾ ਜੀ ਹਨ। ਉਹਨਾਂ ਦੇ ਘਰ ਤਕ ਪਹੁੰਚਦਿਆਂ ਪਤਾ ਲਗ ਗਿਆ ਕਿ ਨੈਰੋਬੀ ਹਮੇਸ਼ਾਂ ਜਗਮਗਾਉਂਦਾ ਸ਼ਹਿਰ ਹੈ। ਸਾਫ ਸੁਥਰਾ ਤਿੰਨ ਲੇਨਾਂ ਵਾਲੀਆਂ ਸੜਕਾਂ ਵਧੀਆ ਮੁਲਾਇਮ ਕੱਟਿਆ ਹੋਇਆ ਘਾਹ, ਸੜਕਾਂ ਦੁਆਲੇ ਦਰਖਤਾਂ ਦੀਆਂ ਲੰਮੀਆਂ ਕਤਾਰਾਂ। ਸਭਿਅਕ ਖੁਲ੍ਹਾ ਪਾਥ ਵਾਤਾਵਰਨ ਵਿਚ ਇਕ ਖਾਸ ਪ੍ਰਕਾਰ ਦੀ ਸ਼ਾਂਤੀ ਭਰੀ ਖਾਮੋਸ਼ੀ। ਅਸੀਂ ਹਾਈ-ਵੇ ਤੇ ਕਿੰਨਾ ਹੀ ਲੰਮਾ ਚਲਕੇ ਆਏ ਸਾਂ ਪਰ ਸੜਕ ਕੰਢੇ ਕੋਈ ਦੁਕਾਨ ਹੈ ਹੀ ਨਹੀਂ ਸੀ। ਵਡੀ ਸੜਕ ਤੋਂ ਲਾਂਭੇ ਹੋ ਕੇ ਵਸੋਂ ਵਾਲੀਆਂ ਆਬਾਦੀਆਂ ਵਿਚ ਵੀ ਦੁਕਾਨਾਂ ਨਹੀਂ ਸਨ। ਸਭੋਂ ਆਲੇ ਦੁਆਲੇ ਵਧੀਆ ਬੰਗਲੇ ਸਨ ਜਿਨ੍ਹਾਂ ਚੋਂ ਹਰਿਆਵਲ ਦੀ ਬਹੁਲਤਾ ਦਿਸ ਰਹੀ ਸੀ। ਇਲਾਕਾ ਨੀਮ-ਪਹਾੜੀ ਸੀ—ਉਪਰ ਨੀਚੇ ਚੜ੍ਹੀਆਂ ਜਾਂਦੀਆਂ ਮੋੜ ਕੱਟਦੀਆਂ ਚੰਗਾ ਦ੍ਰਿਸ਼ ਪੇਸ਼ ਕਰਦੀਆਂ ਸਨ। ਸੜਕਾਂ ਤੇ ਭੀੜ ਭੜਕਾ ਵੀ ਨਹੀਂ ਸੀ।



Sri Satguru Jagjit Singh Ji eLibrary NamdhariElibrary@gmail.com

ਨੈਰੋਬੀ ਵਿਚ ਅਸਾਂ ਹਫਤਾ ਕੁ ਠਹਿਰਨ ਦਾ ਪ੍ਰੋਗਰਾਮ ਬਣਾਇਆ ਸੀ ਪਰ ਕੁ ਦਿਨ ਲਗ ਗਏ । ਕਾਰਨ ਇਹ ਸੀ ਕਿ ਅਸੀਂ ਦਾਰਾਸਲਾਮ (ਤਨਜ਼ਾਨੀਆ) ਤੋਂ ਨੈਰੋਬੀ (ਕੀਨੀਆ) ਆ ਗਏ ਸੀ ਪਰ ਇਧਰੋਂ ਸ: ਗੁਰਚੈਨ ਸਿੰਘ ਜੀ ਕੀਨੀਆ ਤੋਂ ਤਨਜ਼ਾਨੀਆਂ ਸਤਿਗੁਰੂ ਜੀ ਕੋਲ ਚਲੇ ਗਏ ਸਨ ਅਤੇ ਕੁਝ ਦਿਨਾਂ ਬਾਅਦ ਏਥੋਂ ਹੋਰ ਵੀ ਕੁਝ ਸੰਗਤ ਮੁੜ ਦਾਰਾਸਲਾਮ ਚਲੀ ਗਈ ਸੀ ।

## ਠਾਕਰ ਉਦੇ ਸਿੰਘ

ਪਰ ਸਭ ਤੋਂ ਵਧੀਆ ਇਹ ਗੱਲ ਸੀ ਕਿ ਉਥੇ ਠਾਕਰ ਉਦੈ ਸਿੰਘ ਜੀ ਸਨ । ਰਿਸ਼ਤੇਦਾਰੀ ਦੇ ਪੱਖੋਂ ਠਾਕਰ ਜੀ ਦੇ ਉਥੇ ਸੌਹਰੇ ਸਨ । ਪਰ ਉਹ ਅਨੰਦ ਕਾਰਜ ਤੋਂ ਬਾਅਦ ਪਹਿਲੀ ਵਾਰ ਹੀ ਸੌਹਰੇ ਘਰ ਆਏ ਸਨ । ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਨੈਰੋਬੀ ਦੀ ਪ੍ਰਸਿਧ ਹਸਤੀ ਸਨ । ਉਹਨਾਂ ਦੀ ਸੂਝਬੂਝ ਪਿਆਰ ਅਤੇ ਸੰਗਤ ਨੂੰ ਸੰਗਠਤ ਰਖਣ ਦੀ ਸ਼ਕਤੀ ਦੀ ਬਹੁਤ ਮਸ਼ਹੂਰੀ ਹੈ । ਉਹਨਾਂ ਦੀ ਸਪੁਤਰੀ ਬੀਬੀ ਗੁਰਸ਼ਰਨ ਕੌਰ ਜੀ ਦਾ ਅਨੰਦ ਠਾਕਰ ਜੀ ਨਾਲ ਸੰਨ ੧੯੮੪ ਦੀ ਦੀਵਾਲੀ ਨੂੰ ਹੋਇਆ ਸੀ । ਅਸੀਂ ਜਦੋਂ ਨੈਰੋਬੀ ਪੁੱਜੇ ਤਾਂ ਜਿਹੜਾ ਵੀ ਵਿਅਕਤੀ ਮਿਲਦਾ ਉਹ ਠਾਕਰ ਜੀ ਦੀ ਪੁਰ ਖਲੂਸ ਸ਼ਖ਼ਸੀਅਤ ਦੀ ਤਾਰੀਫ ਕਰਦਾ । ਉਹਨਾਂ ਜਿਵੇਂ ਸਮੁੱਚੀ ਨੈਰੋਬੀ ਨੂੰ ਮੋਹ ਲਿਆ ਸੀ । ਉਹਨਾਂ ਦੀ ਨਿਰਮਾਣਤਾ ਅਤੇ ਸਾਰਿਆਂ ਦੇ ਕਾਰਜ ਸਵਾਰਨ ਦੀ ਲਗਨ ਅਤੇ ਯੋਗਤਾ ਕਰਕੇ ਉਹ ਬਚਿਆਂ ਤੋਂ ਲੈਕੇ ਬਜ਼ੁਰਗਾਂ ਤਕ ਹਰਮਨ ਪਿਆਰੇ ਸਨ । ਮੇਰਾ ਬਹੁਤਾ ਸਮਾਂ ਠਾਕਰ ਜੀ ਨਾਲ ਲੰਘਦਾ । ਇਸ ਵਾਸਤੇ ਪਤਾ ਹੀ ਨਹੀਂ ਲਗਾ ਕਿ ਪਹਿਲਾ ਹਫਤਾ ਕਿਵੇਂ ਬਤੀਤ ਹੋ ਗਿਆ ।

ਠਾਕਰ ਜੀ ਕਰਕੇ ਇਥੇ ਹੀ ਨਾਮਧਾਰੀ ਧਰਮਸਾਲਾ ਜੋ ਈਸਟ ਅਫਰੀਕਾ ਨਾਮਧਾਰੀ ਸੰਗਤ ਦੇ ਪਰਬੰਧ ਵਿਚ ਹੈ ਕਾਫੀ ਰੌਣਕਾਂ ਵਾਲਾ ਸਥਾਨ ਬਣਿਆ ਹੋਇਆ ਸੀ । ਇੰਗਲੈਂਡ ਦੀ ਸਾਧ ਸੰਗਤ ਵੀ ਬਹੁਤ ਅਜੇ ਨੈਰੋਬੀ ਹੀ ਸੀ । ਇਹ ਸੱਜਣ ਬਹੁਤੇ ਗਏ ਵੀ ਨੈਰੋਬੀ ਵਿਚੋਂ ਸਨ । ਇਥੋਂ ਦੇ ਖੁਲ੍ਹੇ ਮਕਾਨ ਅਤੇ ਵਧੀਆ ਮੌਸਮ ਵੇਖ ਕੇ ਹੀ ਪਤਾ ਲਗ ਗਿਆ ਕਿ ਇੰਗਲੈਂਡ ਨਿਵਾਸੀ ਅਜੇ ਤਕ ਨੈਰੋਬੀ ਨੂੰ ਕਿਉਂ ਯਾਦ ਕਰਦੇ ਹਨ ।

## ਸਵਾਗਤ ਸਮਾਰੋਹ

ਨੈਰੋਬੀ ਦੀ ਸੰਗਤ ਦੇ ਪ੍ਰਧਾਨ ਸ: ਸਰਵਣ ਸਿੰਘ ਸੇਖੀ ਸਨ ਅਤੇ ਸਕੱਤਰ ਸ: ਹਰਭਜਨ ਸਿੰਘ ਸੋਹਤਾ ਹਨ । ਇਹਨਾਂ ਵਿਦੇਸ਼ਾਂ ਤੋਂ ਆਈਆਂ ਸੰਗਤਾਂ ਦੇ ਸਵਾਗਤ ਲਈ ਇਕ ਸਮਾਰੋਹ ਕੀਤਾ—ਸਾਰੇ ਆਏ ਪਾਹੁਣਿਆਂ ਨੂੰ ਜੀਅ ਆਇਆਂ ਕਹਿੰਦਿਆਂ ਦਸਤਾਰ, ਮਾਲਾ ਅਤੇ ਮਾਇਆ ਦੇ ਸਿਰੋਪਾ ਦੇ ਕੇ ਸਨਮਾਨ ਕੀਤਾ । ਉਪਰੰਤ ਜਲ-ਪਾਣ ਅਤੇ ਲੰਗਰ ਦਾ ਪਰਬੰਧ ਕੀਤਾ । ਇਸ ਤਰ੍ਹਾਂ ਇਥੋਂ ਦੀ ਸੰਗਤ ਅਤੇ ਭਾਰਤ-ਇੰਗਲੈਂਡ ਤੋਂ ਗਏ ਵਿਅਕਤੀ ਇਕ ਦੂਜੇ ਤੋਂ ਪ੍ਰੀਚਤ ਹੋਏ ।

ਇਵੇਂ ਹੀ ਵੀਰਵਾਰ ਅਤੇ ਐਤਵਾਰ ਸ਼ਾਮ ਨੂੰ ਨਾਮ ਸਿਮਰਨ ਅਤੇ ਕੀਰਤਨ ਵਾਸਤੇ ਸੰਗਤਾਂ ਇਕੱਠੀਆਂ ਹੁੰਦੀਆਂ । ਸੰਤ ਦਿਆਲ ਸਿੰਘ ਲੁਹਾਰਾਂ ਵਾਲੇ ਕੀਰਤਨ ਅਤੇ ਕਥਾ ਕਰਦੇ ।

ਠਾਕਰ ਉਦੇ ਸਿੰਘ ਜੀ ਨਾਲ ਨੈਰੋਬੀ ਦੀਆਂ ਦਰਸ਼ਨੀ ਥਾਵਾਂ ਦਾ ਭ੍ਰਮਣ ਕੀਤਾ । ਵੱਖ ਵੱਖ ਪਹਾੜੀਆਂ ਕਾਫੀ, ਦੇ ਬਾਗ ਪਾਣੀ ਦੇ ਝਰਨਿਆਂ ਅਤੇ ਸਫਾਰੀ ਪਾਰਕ ਦੀ ਸੈਰ ਵਿਚ ਦਿਨ ਵਾਹਵਾ ਬਤੀਤ ਹੋਏ ।

## ਇਸਤ੍ਰੀ ਡੈਲੀਗੇਸ਼ਨ

ਇਹਨੀਂ ਦਿਨੀਂ ਹੀ ਨੈਰੋਬੀ ਦੀ ਆਕਾਸ਼ ਛੋਂਹਦੀ ਇਮਾਰਤ ਕੀਨਿਆਟਾ ਕਾਨਫਰੰਸ ਸੈਂਟਰ ਵਿਚ ਯੂ.ਐਨ.ਓ. ਵਲੋਂ ਔਰਤਾਂ ਨੂੰ ਸਮਰਪਤ ਦਸਾਂ ਸਾਲਾਂ ਦੇ ਸਬੰਧ ਵਿਚ ਇਕ ਅੰਤਰਰਾਸ਼ਟਰੀ ਇਸਤ੍ਰੀ ਕਾਨਫਰੰਸ ਵੀ ਹੋ ਰਹੀ ਸੀ । ਇਸ ਵਿਚ ਦੁਨੀਆ ਭਰ ਤੋਂ ਹਜ਼ਾਰਾਂ ਔਰਤਾਂ ਭਾਗ ਲੈਣ ਵਾਸਤੇ ਆਈਆਂ ਹੋਈਆਂ ਸਨ । ਜਿਸ ਦਿਨ ਅਸੀਂ ਨੈਸ਼ਨਲ ਪਾਰਕ ਵਿਚ ਜਾਨਵਰ ਵੇਖਣ ਗਏ ਉਸ ਦਿਨ ਜਾਪਾਨੀ ਔਰਤਾਂ ਦਾ ਤਗੜਾ ਜੱਥਾ ਵੀ ਉਸੇ ਕੰਮ ਗਿਆ ਹੋਇਆ ਸੀ । ਸਾਡੇ ਨਾਲ ਮੁਲਾਕਾਤ ਵਿਚ ਉਹਨਾਂ ਸਾਡੇ ਪਹਿਰਾਵੇ ਅਕੀਦੇ ਅਤੇ ਦੇਸ਼ ਬਾਰੇ ਖੁਲ੍ਹੀ ਗੱਲਬਾਤ ਕੀਤੀ । ਭਾਰਤ ਤੋਂ ਵੀ ਦੋ ਡੈਲੀਗੇਸ਼ਨ ਗਏ ਹੋਏ ਸਨ । ਇਕ ਸਰਕਾਰੀ ਡੈਲੀਗੇਸ਼ਨ ਜਿਸਦੀ ਮੋਹਰੀ ਕੇਂਦਰੀ ਮੰਤਰੀ ਸ੍ਰੀਮਤੀ ਚੰਦਰ ਸ਼ੇਖਰ ਸੀ । ਇਸ ਵਿਚ ਸ੍ਰੀਮਤੀ ਅਮਰਜੀਤ ਕੌਰ ਮੈਂਬਰ ਪਾਰਲੀਮੈਂਟ ਅਤੇ ਹੋਰ ਉਘੀਆਂ ਔਰਤਾਂ ਜਿਨ੍ਹਾਂ ਵਿਚ ਐਮ.ਐਲ.ਏ. ਪ੍ਰੋਫੈਸਰ ਵਿਦਵਾਨ ਅਤੇ ਅਫਸਰ ਇਸਤ੍ਰੀਆਂ ਸਨ । ਦੂਸਰਾ ਡੈਲੀਗੇਸ਼ਨ ਗੈਰ-ਸਰਕਾਰੀ ਸੀ ਜਿਸ ਵਿਚ ਸ੍ਰੀਮਤੀ ਸ਼ੀਲਾ ਦੀਦੀ ਅਤੇ ਹੋਰ ਭੈਣਾਂ ਗਈਆਂ ਹੋਈਆਂ ਸਨ ।

ਸਰਕਾਰੀ ਡੈਲੀਗੇਸ਼ਨ ਦੇ ਮਾਨ ਵਿਚ ੨੪ ਜੁਲਾਈ



Sri Satguru Jagjit Singh Ji eLibrary NamdhariElibrary@gmail.com

(੧੯੮੫) ਨੂੰ ਨੈਰੋਬੀ ਨਾਮਧਾਰੀ ਸੰਗਤ ਵਲੋਂ ਇਕ ਸੁਆਗਤੀ ਸਮਾਰੋਹ ਕੀਤਾ ਗਿਆ ਅਤੇ ਰਾਤ ਦਾ ਖਾਣਾ ਦਿਤਾ ਗਿਆ। ਸੰਗਤ ਦੇ ਪ੍ਰਧਾਨ ਸ: ਸਰਣ ਸਿੰਘ ਸੱਖੀ ਨੇ ਤਕਰੀਰ ਵਿਚ ਜੀ ਆਇਆਂ ਆਖਿਆ ਅਤੇ ਸਕੱਤਰ ਸ: ਹਰਭਜਨ ਸਿੰਘ ਸੀਹਰਾ ਨੇ ਕਾਰਵਾਈ ਨੂੰ ਚਲਾਇਆ। ਉਸ ਸਮਾਰੋਹ ਵਿਚ ਕਿਸੇ ਨੇ ਆ ਕੇ ਖਬਰ ਦਿਤੀ ਕਿ ਮੈਂ ਹੁਣੇ ਹੁਣੇ ਬੀ.ਬੀ.ਸੀ. ਤੋਂ ਸੁਣ ਕੇ ਆਇਆ ਹਾਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਪੰਜਾਬ ਸਮਸਿਆ ਬਾਰੇ ਸਮਝੌਤਾ ਹੋ ਗਿਆ ਹੈ ਅਤੇ ਦਸਤਖਤ ਹੋ ਗਏ ਹਨ। ਇਹ ਖਬਰ ਅਜੇ ਭਾਰਤੀ ਡੈਲੀਗੇਸ਼ਨ ਦੀ ਲੀਡਰ ਕੇਂਦਰੀ ਮੰਤਰੀ ਸ੍ਰੀਮਤੀ ਚੰਦਰ ਸ਼ੇਖਰ ਨੇ ਵੀ ਨਹੀਂ ਸੀ ਸੁਣੀ ਅਤੇ ਨਾ ਹੀ ਅੰਬੈਸੀ ਦੇ ਕਿਸੇ ਅਧਿਕਾਰੀ ਨੇ। ਇਸ ਬਾਦ ਤਕਰੀਰਾਂ ਦਾ ਸਿਲਸਿਲਾ ਪੰਜਾਬ ਸਮਝੌਤੇ ਦੁਆਲੇ ਘੁੰਮਣ ਲਗਾ ਅਤੇ ਸਾਰਿਆਂ ਨੇ ਇਸ ਸੁਆਗਤੀ ਸਮਾਰੋਹ ਦੀ ਇਸ ਕਰਕੇ ਵੀ ਪਰਸੰਸਾ ਕੀਤੀ ਕਿ ਇਥੇ ਇਹ ਸ਼ੁਭ ਸੂਚਨਾ ਸੁਣੀ ਹੈ। ਸ੍ਰੀਮਤੀ ਚੰਦਰ ਸ਼ੇਖਰ ਨੇ ਪ੍ਰਧਾਨ ਮੰਤਰੀ ਦੀ ਸ਼ਲਾਘਾ ਕੀਤੀ, ਨਾਮਧਾਰੀਆਂ ਦੇ ਸਮਾਜਕ ਅਤੇ ਧਾਰਮਕ ਕਾਰਜਾਂ ਦੀ ਪਰਸੰਸਾ ਕਰਦਿਆਂ ਧਨਵਾਦ ਕੀਤਾ।

ਭਾਵੇਂ ਲੀਡਰ ਨੇ ਤਕਰੀਰ ਕਰ ਦਿਤੀ ਸੀ ਪਰ ਭੈਣਾਂ ਬੀਬੀ ਅਮਰਜੀਤ ਕੌਰ ਤੋਂ ਪੰਜਾਬੀ 'ਚ ਕੁਝ ਸੁਨਣਾ ਚਾਹੁੰਦੀਆਂ ਸਨ। ਬੀਬੀ ਅਮਰਜੀਤ ਕੌਰ ਨੇ ਬਜ਼ੁਰਗਾਂ ਅਤੇ ਭੈਣਾਂ ਨੂੰ ਵਧਾਈ ਦਿਤੀ ਕਿ ਇਥੇ ਇਹ ਖੁਸ਼ਖਬਰੀ ਸੁਣੀ ਹੈ। ਉਹਨਾਂ ਕਿਹਾ ਕਿ ਚੰਦਪਾਲ ਜੀ ਨਾਲ ਅਸੀਂ ਰਲਕੇ ਕੰਮ ਕਰਦੇ ਹਾਂ ਉਹ ਕਾਬਲ ਅਤੇ ਨੇਕ ਮੈਂਬਰ ਹਨ। ਉਹ ਬਹੁਤ ਕਾਬਲ ਨੁਮਾਇੰਦੇ ਹਨ ਤੁਹਾਡੇ ਅਤੇ ਪੰਜਾਬ ਦੇ। ਇਥੇ ਪੰਜਾਬ ਲੋਕਾਂ ਨੂੰ ਮਿਲ ਕੇ ਪਤਾ ਹੀ ਨਹੀਂ ਲਗਦਾ ਕਿ ਅਸੀਂ ਪੰਜਾਬ 'ਚ ਬੈਠੇ ਹਾਂ ਨੈਰੋਬੀ ਵਿਚ।

ਕੁਝ ਸਮਾਂ ਮੈਂ ਵੀ ਬੋਲਿਆ ਜਿਸ ਵਿਚ ਸਿੱਖ ਧਰਮ ਵਿਚ ਇਸਤ੍ਰੀ ਜਾਤੀ ਦੀ ਮਾਨਤਾ ਦਾ ਜ਼ਿਕਰ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਵਲੋਂ ਇਹ ਕਿਹਾ ਜਾਣਾ ਕਿ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ'—ਫੇਰ ਗੁਰੂ ਰਾਮ ਸਿੰਘ ਜੀ ਵਲੋਂ ਇਸਤ੍ਰੀ ਜਾਤੀ ਤੇ ਕੀਤੇ ਉਪਕਾਰ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਇਸ ਮੰਤਵ ਵਾਸਤੇ ਵਿਆਹ ਸੁਧਾਰ ਦੇ ਜਤਨਾਂ ਦਾ ਜ਼ਿਕਰ ਕੀਤਾ।

ਆਈਆਂ ਮਹਿਮਾਨ ਭੈਣਾਂ ਨੂੰ ਨਾਮਧਾਰੀ ਭੈਣਾਂ ਵਲੋਂ ਸੁਗਾਤਾਂ ਪੇਸ਼ ਕੀਤੀਆਂ ਗਈਆਂ ਤੇ ਬੜੀ ਖੁਸ਼ੀ ਦੇ ਮਾਹੌਲ ਵਿਚ ਇਹ ਸਮਾਰੋਹ ਸਮਾਪਤ ਹੋਇਆ।

## ਭਾਰਤੀਆਂ ਦੇ ਕਾਰੋਬਾਰ

ਸ: ਗੁਰਚੈਨ ਸਿੰਘ ਢਲੋਂ ਇਕ ਹਫਤੇ ਬਾਅਦ ਦਾਰਾਸਲਾਮ ਤੋਂ ਨੈਰੋਬੀ ਵਾਪਸ ਆ ਚੁਕੇ ਸਨ। ਠਾਕਰ ਉਦੇ ਸਿੰਘ ਭਾਰਤ ਚਲੇ ਗਏ ਸਨ। ਹੁਣ ਮੇਰਾ ਨਿਵਾਸ ਸ: ਢਲੋਂ ਜੀ ਵਲ ਹੋਣਾ ਕੁਦਰਤੀ ਸੀ। ਉਹਨਾਂ ਦਾ ਬਹੁਤ ਵਿਸ਼ਾਲ ਬੰਗਲਾ ਸੀ ਜਿਦੇ ਵਿਚ ਕੋਨ ਸੁਵੰਨੇ ਦਰਖਤ ਅਤੇ ਪੌਦੇ ਲਗੇ ਹੋਏ ਸਨ। ਮੇਰੀਆਂ ਦੋਵੇਂ ਧੀਆਂ ਸ: ਗੁਰਚੈਨ ਸਿੰਘ ਜੀ ਦੀਆਂ ਨੂੰਹਾਂ ਹਨ ਪਰ ਉਹ ਤਾਂ ਇੰਗਲੈਂਡ ਵਿਚ ਹੀ ਸਨ। ਇਥੇ ਸਰਦਾਰ ਜੀ ਆਪ ਅਤੇ ਭੈਣ ਰਛਪਾਲ ਕੌਰ ਹੀ ਰਹਿੰਦੇ ਸਨ—ਬਹੁਤ ਸ਼ਾਨਦਾਰ ਸਾਫ ਅਤੇ ਸਲੀਕੇਦਾਰੀ ਨਾਲ ਸਜਾਇਆ ਬੰਗਲਾ ਸੀ। ਥਲੇ ਉਹਨਾਂ ਦਾ ਆਰਕੀਟੈਕਟ ਦਾ ਦਫਤਰ ਸੀ ਨਾਲ ਹੀ ਇਕ ਤਗੜੀ ਲਾਇਬ੍ਰੇਰੀ ਸੀ। ਨੈਰੋਬੀ ਦੀਆਂ ਬਹੁਤੀਆਂ ਬਿਲਡਿੰਗਾਂ ਢਲੋਂ ਸਾਹਿਬ ਦੀਆਂ ਹੀ ਡੀਜ਼ਾਈਨ ਕੀਤੀਆਂ ਹੋਈਆਂ ਸਨ। ਪਾਰਲੀਮੈਂਟ ਹਾਊਸ, ਮਸਜਿਦ ਅਤੇ ਹੋਰ ਸਰਕਾਰੀ ਇਮਾਰਤਾਂ ਨੂੰ ਵੀ ਉਹਨਾਂ ਦੀ ਛੁਹ ਪ੍ਰਾਪਤ ਹੈ। ਉਹਨਾਂ ਨਾਲ ਹੀ ਵੱਖ ਵੱਖ ਥਾਵਾਂ ਦੀ ਸੈਰ ਹੁੰਦੀ ਅਤੇ ਲੋਕਾਂ ਨੂੰ ਮਿਲਿਆ ਗਿਲਿਆ ਜਾਂਦਾ। ਉਹਨਾਂ ਨਾਲ ਹੀ ਹਿੰਦੁਸਤਾਨੀਆਂ ਵਲੋਂ ਸਥਾਪਤ ਕੀਤੇ ਵਡੇ ਵਡੇ ਕਾਰਖਾਨਿਆਂ ਵਿਚ ਵੀ ਜਾਣ ਦਾ ਮੌਕਾ ਮਿਲਿਆ। ਇਕ ਸਰਦਾਰ ਜੀ ਦਾ ਬਹੁਤ ਵਿਸ਼ਾਲ ਕਾਰਖਾਨਾ ਸੀ ਜਿਸ ਵਿਚ ਮੋਟਰ ਗੱਡੀਆਂ ਦੀਆਂ ਹਰ ਪ੍ਰਕਾਰ ਦੀਆਂ ਕਮਾਣੀਆਂ ਬਣਦੀਆਂ ਸਨ ਇਸ ਦੀ ਸਾਰੀ ਮਸ਼ੀਨਰੀ ਭਾਰਤ ਤੋਂ ਆਈ ਸੀ। ਇਕ ਪਲਾਸਟਕ ਦਾ ਵਿਸ਼ਾਲ ਕਾਰਖਾਨਾ ਜਿਸ ਵਿਚ ਛੋਟੇ ਤੋਂ ਛੋਟੇ ਸਾਮਾਨ ਤੋਂ ਲੈਕੇ ਬਾਲਟੀਆਂ ਟੱਬਾਂ ਤਕ ਸਾਮਾਨ ਬਣਦਾ ਸੀ। ਇਸ ਮੁਲਕ ਵਿਚ ਤਿੰਨ ਚੌਥਾਈ ਕੰਮ ਪ੍ਰਾਈਵੇਟ ਹੱਥਾਂ ਵਿਚ ਹੈ। ਇਥੇ ਕਪੜਾ-ਲਤਾ, ਮੋਟਰਾਂ ਦਾ ਸਮਾਨ, ਕਾਗਜ਼, ਜੁੱਤੀਆਂ ਅਤੇ ਇਲੈਕਟ੍ਰਾਨਿਕਸ ਦਾ ਸਮਾਨ ਬਣਦਾ ਹੈ।

ਨਾਮਧਾਰੀ ਪਰਿਵਾਰਾਂ ਦੇ ਵੱਡੇ ਵੱਡੇ ਕਾਰਖਾਨੇ ਹਨ। ਮੋਟਰ ਮਕੈਨਕੀ, ਮੋਟਰਾਂ ਦੀਆਂ ਬਾਡੀਆਂ ਅਤੇ ਬਨਾਉਣ ਫਰ-ਨੀਚਰ ਦਾ ਸਾਮਾਨ ਬਨਾਉਣ ਦੇ। ਠੇਕੇਦਾਰੀ ਦਾ ਕੰਮ ਵੀ ਹੈ। ਸੂਬਾ ਦਰਸ਼ਨ ਸਿੰਘ ਜੀ ਦਾ ਪਰਿਵਾਰ ਸੜਕਾਂ ਬਨਾਉਣ ਦੇ ਠੇਕੇ ਵੀ ਲੈਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜੀ ਦੀ ਚਰਚਾ

ਇਥੋਂ ਦੇ ਨਾਮਧਾਰੀਆਂ ਦਾ ਆਪਣਾ ਪ੍ਰਭਾਵਸ਼ਾਲੀ ਸੰਗਠਨ ਹੈ। ਜਦੋਂ ਸਤਿਗੁਰੂ ਜੀ ਦੌਰੇ ਤੇ ਜਾਂਦੇ ਹਨ ਤਾਂ ਅਖਬਾਰਾਂ ਵਿਚ ਬਹੁਤ ਚਰਚਾ ਹੁੰਦਾ ਹੈ। ਇਥੋਂ ਦੇ ਦੋ ਮਸ਼ਹੂਰ ਅਖਬਾਰ ਹਨ 'ਦੀ ਸਟੈਂਡਰਡ' ਅਤੇ 'ਨੇਸ਼ਨ' ਜਿਹਨਾਂ ਵਿਚ ਪੰਜਾਬ ਦੀਆਂ ਖਬਰਾਂ ਵੀ ਛਪਦੀਆਂ ਸਨ। ਸਤੰਬਰ ੧੯੭੬ ਵਿਚ ਜਦੋਂ ਸਤਿਗੁਰੂ ਜੀ ਨੈਰੋਬੀ ਗਏ ਤਾਂ ਉਥੋਂ ਉਹਨਾਂ ਵਲੋਂ ਇੰਗਲੈਂਡ ਵਿਚ ਬਾਰਸ਼ ਪੁਆਉਣ ਦਾ ਬਹੁਤ ਚਰਚਾ ਸੀ। ੭ ਸਤੰਬਰ ੧੯੭੬ ਦੇ ਨੇਸ਼ਨ ਵਿਚ ਜੋ ਛਪਿਆ ਉਸਦੀ ਕਟਿੰਗ ਸ: ਕੰਵਲ ਸਿੰਘ ਦਲੇਰ ਦੇ ਦਫਤਰ ਵਿਚ ਲਗੀ ਹੋਈ ਸੀ। ਨੇਸ਼ਨ ਦੇ ਰੀਪੋਰਟਰ ਨੇ ਜਿਹ ਖਬਰ ਲਾਈ ਸੀ ਸਿਰਲੇਖ ਸੀ : "ਉਹ ਵਿਅਕਤੀ ਜਿਹੜਾ ਮੀਂਹ ਪੁਆਉਂਦਾ ਹੈ"। ਖਬਰ ਹੈ, 'ਜਦੋਂ ਨਾਮਧਾਰੀ ਗੁਰੂ ਪ੍ਰਾਰਥਨਾ ਕਰਦੇ ਹਨ, ਬਦਲ ਖੁਲ ਜਾਂਦੇ ਹਨ ਅਤੇ ਬਾਰਸ਼ ਹੋਣ ਆ ਜਾਂਦੀ ਹੈ। ਤਾਂ ਇਵੇਂ ਲਗਦਾ ਹੈ। ਕਿਉਂਕਿ ਗੁਰੂ ਜੀ ਨੇ ਬਰਤਾਨੀਆ ਦੇ ਇਕ ਮੰਦਰ ਵਿਚ ਜਦੋਂ ਪ੍ਰਾਰਥਨਾ ਕੀਤੀ ਤਾਂ ਇਸ ਦਾ ਅਸਰ ਏਨਾ ਨਾਟਕੀ ਸੀ ਕਿ ਗੁਰੂ ਜੀ ਨੂੰ ਅਖਬਾਰੀ ਸੁਰਖੀਆਂ ਵਿਚ 'ਮੀਂਹ ਪੁਆਉਣ ਵਾਲਾ' (ਰੇਨ ਮੇਕਰ) ਆਖਿਆ ਗਿਆ।

ਅਤੇ ਜਦੋਂ ਉਹ ਪਿਛਲੇ ਹਫਤੇ ਕੀਨੀਆ ਪੁੱਜੇ, ਤਾਂ ਜਿਓਂ ਜੋ ਪੂਜਯ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਰਦਾਸ ਕਰਨ ਲਗੇ ਤਾਂ ਨੈਰੋਬੀ ਵਿਚ ਸਭ ਤੋਂ ਭਾਰੀ ਵਰਖਾ ਹੋਈ। ਪਰ ਗੁਰੂ ਜੀ ਜੋ ਦੁੱਧ ਚਿਟੇ ਕਪੜਿਆਂ ਵਿਚ ਸਜੇ ਹੋਏ ਸਨ, ਨੇ ਕਿਹਾ "ਅਸੀਂ ਮੀਂਹ ਪੁਆਉਣ ਵਾਲੇ ਨਹੀਂ, ਅਸੀਂ ਕੇਵਲ ਪ੍ਰਾਰਥਨਾ ਕਰਦੇ ਹਾਂ ਬਾਕੀ ਮਾਲਕ ਦੇ ਹੱਥ ਹੈ।

ਅਸੀਂ ਇਥੇ ਨਾਮਧਾਰੀਆਂ ਦੀ ਅਧਿਆਤਮਕ ਅਤੇ ਧਾਰਮਕ ਦੇਖ ਭਾਲ ਵਾਸਤੇ ਆਏ ਹਾਂ ਅਸੀਂ ਕੀਨੀਆਂ ਦੀ ਤਰੱਕੀ ਅਤੇ ਸ਼ਾਂਤੀ ਵਾਸਤੇ ਅਰਦਾਸ ਕਰਦੇ ਹਾਂ।

੫੬ ਸਾਲਾਂ ਦੇ ਗੁਰੂ ਜੀ ਨੂੰ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਪਰੰਪਰਾ ਦੇ ਜੀਵਤ ਵਾਰਸ ਸਮਝਿਆ ਜਾਂਦਾ ਹੈ। ਉਹਨਾਂ ਦੇ ਦੁਨੀਆ ਵਿਚ ਕੋਈ ਦਸ ਲੱਖ ਪੈਰੋਕਾਰ ਹਨ ਜਿਹੜੇ ਪੱਕੇ ਸ਼ਾਕਾਹਾਰੀ, ਨਸ਼ਿਆਂ, ਸ਼ਰਾਬ ਤੇ ਤਮਾਕੂ ਦੇ ਪਰਹੇਜ਼ਗਾਰ ਅਤੇ ਸਿੱਖੀ ਅਸੂਲਾਂ ਦੇ ਕੱਟੜ ਧਾਰਨੀ ਹਨ।

ਸ੍ਰੀ ਹਜ਼ੂਰ ੧੯੬੩ ਵਿਚ ਕੀਨੀਆ ਦੇ ਆਜ਼ਾਦੀ ਜਸ਼ਨਾਂ ਵਾਸਤੇ ਸਰਕਾਰੀ ਪ੍ਰਾਹੁਣੇ ਸਨ ਅਤੇ ਪ੍ਰਧਾਨ ਕੇਨਿਆਟਾ ਨੂੰ ਕਈ ਵਾਰ ਮਿਲ ਚੁਕੇ ਹਨ। ਉਹਨਾਂ ਨੇ ਖੁਲ੍ਹ ਦਿਲੀ ਨਾਲ ਹਾਰਾਂਬੀ ਯੋਜਨਾਵਾਂ ਵਿਚ ਦਾਨ ਦਿਤਾ ਅਤੇ ਇਕ ਸਾਲ ਵਾਸਤੇ ਗਟੂੰਡੂ ਹਸਪਤਾਲ ਵਾਸਤੇ ਡਾਕਟਰ ਦੀ ਸਹੈਤਾ ਦਿਤੀ"।

ਅਖਬਾਰ ਨੇ ਇਕ ਵੱਡੀ ਤਿੰਨ ਕਾਲਮੀ ਤਸਵੀਰ ਵਿਚ ਹਵਾਈ ਅੱਡੇ ਤੇ ਸੁਆਗਤੀ ਦ੍ਰਿਸ਼ ਦਰਸਾਇਆ ਹੈ—

'ਦੀ ਸਟੈਂਡਰਡ' ਨੇ ਵੀ ਖਬਰ ਇਵੇਂ ਹੀ ਛਾਪੀ ਹੈ ਵਿਚ ਇਸ ਅੰਤ ਤੇ ਜ਼ਿਕਰ ਹੈ :

ਸ੍ਰੀ ਮਹਾਰਾਜ ਜੀ ਜਿਹਨਾਂ ਨੇ ੧੯੫੩ ਵਿਚ ਕੀਨੀਆ ਦੀ ਆਜ਼ਾਦੀ ਦੀ ਭਵਿੱਖਬਾਣੀ ਕੀਤੀ ਸੀ। ਉਹਨਾਂ ਨੇ ੧੯੬੩ ਵਿਚ ਆਜ਼ਾਦੀ ਸਮੇਂ ਕੀਨੀਆ ਨਿਵਾਸੀਆਂ ਨੂੰ ਕੀਨੀਆ ਦੇ ਸ਼ਹਿਰੀ ਬਨਣ ਲਈ ਆਖਿਆ।"

### ਕੀਨੀਆ ਦੇਸ਼

ਕੀਨੀਆ ੧੨-੧੨-੧੯੬੩ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਗਿਆ। ਕੀਨੀਆ ਦੇਸ਼ ਦਾ ਨਾਮ ਇਕ ਪਹਾੜ ਮਾਊਂਟ ਕੀਨੀਆ ਦੇ ਨਾਂ ਤੇ ਪਿਆ ਹੈ। ਮਾਊਂਟ ਕੀਨੀਆ ਕੀਰੀ ਨਿਆਗਾ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਸਫੈਦੀ ਦਾ ਪਹਾੜ। ੮੫੦ ਕਿਲੋਮੀਟਰ ਲੰਮੀ ਭੂਮਧ ਰੇਖਾ ਐਨ ਇਸ ਦੇ ਅੱਧ ਚੋਂ ਲੰਘਦੀ ਹੈ। ਉਤਰੀ ਤੇ ਦੱਖਣੀ ਸਰਹੱਦ ੪ ਡਿਗਰੀ ਦੇ ਫਾਸਲੇ ਤੇ ਹਨ। ਕਹਿੰਦੇ ਹਨ ੫੦ ਲੱਖ ਸਾਲ ਪਹਿਲਾਂ ਕੀਨੀਆ ਵਿਚ ਦੁਨੀਆ ਦੇ ਸਭ ਤੋਂ ਪਹਿਲੇ ਇਨਸਾਨ ਪਰਗਟ ਹੋਏ। ਅੱਜ ਇਥੇ ਕਈ ਪ੍ਰਕਾਰ ਦੀਆਂ ਨਸਲਾਂ ਅਤੇ ਜਾਤੀਆਂ ਦੇ ਲੋਕ ਵਸਦੇ ਹਨ। ਆਬਾਦੀ ਦਾ ੯੯ ਪ੍ਰਤੀ ਸੈਂਕੜਾ ਹਿੱਸਾ ਅਫਰੀਕਨ ਹਨ। ਬਾਕੀ ਦੇ ਪ੍ਰਤੀ ਸੈਂਕੜਾ ਚੋਂ ਸਮੁੰਦਰੀ ਕੰਢਿਆਂ ਤੇ ਅਰਬਾਂ ਦੀ ਔਲਾਦ ਜ਼ਿਆਦਾ ਹੈ। ਸ਼ਹਿਰਾਂ ਵਿਚ ਭਾਰਤੀ ਉਪ ਮਹਾਂਦੀਪ ਦੇ ਲੋਕ (ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ, ਅਤੇ ਯੂਰਪੀਨ ਰਹਿੰਦੇ ਹਨ ਅਫਰੀਕਾ ਦਾ ਸਭ ਤੋਂ ਵੱਡਾ ਕਬੀਲਾ ਕਿਕਯੂ ਹੈ ਉਹ ਬਾਦ ਲਗੂ ਆਕੰਬਾ ਹੈ। ਵਧਦੀ ਆਬਾਦੀ ਦੀ ਵਿਕਰਾਲ ਸਮੱਸਿਆ ਦੇਸ਼ ਦੇ ਸਾਹਮਣੇ ਹੈ। ਕੀਨੀਆ ਤੀਸਰੀ ਦੁਨੀਆ ਦੇ ਉਹਨਾਂ ਕੁਝ ਦੇਸ਼ਾਂ ਵਿਚੋਂ ਹੈ ਜਿਹੜਾ ਆਪਣੀਆਂ ਲੋੜਾਂ ਆਪ ਪੂਰੀਆਂ ਕਰਦਾ ਹੈ।

ਇਥੇ ਘਰਾਂ ਵਿਚ ਕਈ ਕਈ ਕਾਰਾਂ ਖੜੀਆਂ ਰਹਿੰਦੀਆਂ। ਵੱਡੇ ਵੱਡੇ ਹਵੇਲੀ ਨੁਮਾ ਬੰਗਲੇ ਹਨ ਰਿਹਾਇਸ਼ ਵਾਸਤੇ ਨਾਲ ਲਗਵੇਂ ਘਾਹ ਦੇ ਲਾਅਨ ਅਤੇ ਰੁੱਖ ਬੂਟੇ ਹਨ। ਹਰ ਘਰ ਵਿਚ ਬਹੁਤ ਸਾਰੇ ਨੌਕਰ ਹਨ ਜੋ ਕਪੜੇ ਧੋਣ ਰਾਖੀ ਕਰਦੇ ਅਤੇ ਸਫਾਈ ਦਾ ਕੰਮ ਕਰਦੇ ਹਨ। ਹਰ ਬੰਗਲੇ ਅਗੇ ਚੌਵੀ ਘੰਟੇ ਚੌਕੀਦਾਰ ਹੁੰਦਾ ਹੈ। (ਇਹ ਚੌਕੀਦਾਰ ਸਪਲਾਈ ਕਰਨ ਵਾਲੀਆਂ ਅਨੇਕਾਂ ਕੰਪਨੀਆਂ ਹਨ)

(ਚਲਦਾ



Sri Satguru Jagjit Singh Ji eLibrary NamdhariElibrary@gmail.com

# ਖ਼ ਬ ਰ ਨਾ ਮਾ

## ਡਿਸਾਈ ਕਮਿਸ਼ਨ ਦੀ ਰੀਪੋਰਟ ਬਰਫ 'ਚ ਲਾ ਦਿੱਤੀ

ਨਵੀਂ ਦਿਲੀ, ੨੬ ਜੁਲਾਈ — ਕੇਂਦਰ ਨੇ ਜਸਟਿਸ ਡੀ. ਏ. ਡਿਸਾਈ ਕਮਿਸ਼ਨ ਨੂੰ ਇਹ ਆਖਕੇ ਕਿ ਮੌਜੂਦਾ ਹਾਲਾਤ ਵਿਚ ਉਹ ਆਪਣੀ ਰੀਪੋਰਟ ਪੇਸ਼ ਨਾ ਕਰੇ ਉਸ ਦੀ ਰੀਪੋਰਟ ਨੂੰ ਅਮਲੀ ਤੌਰ ਤੇ ਬਰਫ ਵਿਚ ਲਾ ਦਿਤਾ ਹੈ.

ਇਹ ਕਮਿਸ਼ਨ ਪੰਜਾਬ ਸਮਝੌਤੇ ਅਧੀਨ ਚੰਡੀਗੜ੍ਹ ਦੇ ਹਰਿਆਣੇ ਨੂੰ ਦਿਤੇ ਜਾਣ ਵਾਲੇ ੭੦ ਹਜ਼ਾਰ ਏਕੜ ਰਕਬੇ ਦੀ ਨਿਸ਼ਾਨਦੇਹੀ ਲਈ "ਉਚ ਪੱਧਰੀ ਜੁਡੀਸ਼ਲ ਅਦਾਰਾ" ਵਜੋਂ ਕਾਇਮ ਕੀਤਾ ਗਿਆ ਸੀ। ਮੁਢਲੇ ਤੌਰ ਤੇ ਇਸ ਨੂੰ ੨੪ ਘੰਟੇ ਦੇ ਅੰਦਰ ਅੰਦਰ ਰੀਪੋਰਟ ਪੇਸ਼ ਕਰਨ ਲਈ ਕਿਹਾ ਗਿਆ ਸੀ ਪਰ ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਦੇ ਕਹਿਣ ਉਤੇ ਇਹ ਮਿਆਦ ਵਧਾ ਕੇ ੧੫ ਜੁਲਾਈ ਕਰ ਦਿਤੀ ਗਈ ਸੀ। ਮੁੱਖ ਮੰਤਰੀ ਨੇ ਡਿਸਾਈ ਕਮਿਸ਼ਨ ਨੂੰ ੨੪ ਘੰਟੇ ਦੇ ਅੰਦਰ ਅੰਦਰ ਰੀਪੋਟ ਪੇਸ਼ ਕਰਨ ਦੀ ਹਦਾਇਤ ਨੂੰ ਨਿਆਂ ਪ੍ਰਬੰਧ ਨਾਲ ਮਖੌਲ ਕਰਾਰ ਦਿਤਾ ਸੀ। ਉਹਨਾਂ ਇਹ ਵੀ ਕਿਹਾ ਸੀ ਕਿ ਉਹਨਾਂ ਦੀ ਸਰਕਾਰ ਨੂੰ ਕਮਿਸ਼ਨ ਅਗੇ ਆਪਣਾ ਪੱਖ ਪੇਸ਼ ਕਰਨ ਲਈ ਸਮਾਂ ਚਾਹੀਦਾ ਹੈ।

ਪਰ ਬਾਅਦ ਵਿਚ ਪੰਜਾਬ ਸਰਕਾਰ ਨੇ ਕਮਿਸ਼ਨ ਨੂੰ ਇਹ ਆਖਕੇ ਅਪਰਵਾਨ ਕਰ ਦਿਤਾ ਸੀ ਕਿ ਇਸ ਨੂੰ ਸੌਂਪੇ ਗਏ ਮਸਲੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਅਨੁਕੂਲ ਨਹੀਂ. ਪੰਜਾਬ ਸਰਕਾਰ ਵਲੋਂ ਡਿਸਾਈ ਕਮਿਸ਼ਨ ਨੂੰ ਪਰਵਾਨ ਕਰਨ ਤੋਂ ਇਨਕਾਰ ਕਰ ਦਿਤੇ ਜਾਣ ਪਿਛੋਂ ਕੇਂਦਰ ਨੇ ੧੪ ਜੁਲਾਈ ਨੋਟੀਫੀਕੇਸ਼ਨ ਜਾਰੀ ਕਰਕੇ ਰਿਪੋਰਟ ਪੇਸ਼ ਕਰਨ ਲਈ ਮਿਥੀ ੧੫ ਜੁਲਾਈ ਦੀ ਡੈੱਡ ਲਾਈਨ ਖਤਮ ਕਰ ਦਿਤੀ ਸੀ.

ਏਸੇ ਸਮੇਂ ਵਿਚ ਸਰਕਾਰ ਇਸ ਗਲ ਉਤੇ ਵਿਚਾਰ ਕਰਦੀ ਰਹੀ ਹੈ ਕਿ ਕੀ ਉਹ ਨਵਾਂ ਕਮਿਸ਼ਨ ਕਾਇਮ ਕਰੇ ਜਾਂ ਡਿਸਾਈ ਕਮਿਸ਼ਨ ਨੂੰ ਸੌਂਪੇ ਗਏ ਮਾਮਲਿਆਂ ਵਿਚ ਸੋਧ ਕਰਕੇ ਇਹਨਾਂ ਨੂੰ ਪੰਜਾਬ ਸਮਝੌਤੇ ਦੀਆਂ ਮਦਾਂ ਦੇ ਅਨੁਕੂਲ ਬਣਾ ਦੇਵੇ।

ਸਰਕਾਰੀ ਸੂਤਰਾਂ ਵਲੋਂ ਇਸ ਗਲ ਵਲ ਧਿਆਨ ਦੁਆਇਆ ਗਿਆ ਹੈ ਕਿ ਡਿਸਾਈ ਕਮਿਸ਼ਨ ਨੂੰ ਨਾ ਛਡਿਆ ਗਿਆ ਹੈ ਤੇ ਨਾ ਹੀ ਨੱਪਿਆ ਗਿਆ ਹੈ ਕਮਿਸ਼ਨ ਕਾਇਮ ਹੈ ਤੇ ਆਪਣਾ ਕੰਮ ਕਰ ਰਿਹਾ ਹੈ। ਇਸ ਨੂੰ ਕੇਵਲ ਇਹੀ ਕਿਹਾ ਗਿਆ ਹੈ ਕਿ ਉਹ ਆਪਣੀ ਰੀਪੋਰਟ ਮੌਜੂਦਾ ਹਾਲਤ ਕਾਰਨ ਪੇਸ਼ ਨਾ ਕਰੇ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਰੀਪੋਰਟ ਪੇਸ਼ ਕਰਨ ਲਈ ੧੫ ਜੁਲਾਈ ਦੀ ਡੈਡ ਲਾਈਨ ਨੂੰ ਖਤਮ ਕਰਦਾ ੧੪ ਜੁਲਾਈ ਦਾ ਨੋਟੀਫੀਕੇਸ਼ਨ ਜਸਟਿਸ ਡਿਸਾਈ ਨੂੰ ਆਪਣੀ ਰੀਪੋਰਟ ਕਿਸੇ ਹੋਰ ਤਾਰੀਖ ਉਤੇ ਪੇਸ਼ ਕਰਨ ਤੋਂ ਨਹੀਂ ਰੋਕਦਾ ਇਸ ਲਈ ਮਿ. ਜਸਟਿਸ ਨੂੰ ਇਹ ਆਖਣਾ ਜ਼ਰੂਰੀ ਸਮਝਿਆ ਗਿਆ ਕਿ ਉਹ ਫਿਲਹਾਲ ਆਪਣੀ ਰੀਪੋਰਟ ਪੇਸ਼ ਨਾ ਕਰਨ। (ਪਾ)

## ਧਾਰਮਿਕ ਜਥੇਬੰਦੀਆਂ ਤੇ ਰੋਕਾਂ ਲੱਗਣਗੀਆਂ?

ਨਵੀਂ ਦਿਲੀ ੨੮ ਜੁਲਾਈ (ਜ. ਸ.) ਪ੍ਰਧਾਨ ਮੰਤਰੀ ਇਸ ਗੱਲ ਉਤੇ ਸਿਧਾਂਤਕ ਰੂਪ ਵਿਚ ਸਹਿਮਤ ਹੋ ਗਏ ਹਨ ਕਿ ਅਖਾਉਤੀ ਤੌਰ ਤੇ ਧਾਰਮਿਕ ਸੰਗਠਨਾਂ ਤੇ ਪਾਬੰਦੀ ਲਾ ਦਿਤੀ ਜਾਵੇ।

ਪੱਛਮੀ ਦਿੱਲੀ ਵਿਚ ਭੜਕੇ ਦੰਗਿਆਂ ਦੇ ਬਾਅਦ ਪ੍ਰਧਾਨ ਮੰਤਰੀ ਨਿਵਾਸ ਉਤੇ ਕਲ ਰਾਤ ਉਚ ਅਧਿਕਾਰੀਆਂ ਦੇ ਨਾਲ ਹੋਈ ਮੀਟਿੰਗ ਵਿਚ ਪ੍ਰਧਾਨ ਮੰਤਰੀ ਨੂੰ ਇਹ ਸੁਝਾਅ ਦਿਤਾ ਸੀ ਕਿ ਧਾਰਮਕ ਸੰਗਠਨਾਂ ਦੇ ਕਾਰਨ ਦਿੱਲੀ ਵਿਚ ਫਿਰਕੂ ਤਣਾਅ ਵਧਦਾ ਜਾ ਰਿਹਾ ਹੈ। ਇਸ ਵਿਚ ਹਿੰਦੂ ਮੰਚ ਅਤੇ ਹਿੰਦੂ ਸ਼ਿਵ ਸੈਨਾ ਸ਼ਕਤੀ ਦਲ ਅਤੇ ਬਜਰੰਗ ਦਲ ਦੁਆਰਾ ਤ੍ਰਿਸ਼ੂਲ ਵੰਡਣ ਦਾ ਵਰਨਣ ਕੀਤਾ ਗਿਆ ਅਤੇ ਦਸਿਆ ਗਿਆ ਕਿ ਇਹ ਤ੍ਰਿਸ਼ੂਲ ਜਿਹਨਾਂ ਫੈਕਟਰੀਆਂ ਵਿਚ ਬਣਾਏ ਜਾਂਦੇ ਹਨ ਉਹ ਵੀ ਇਹਨਾਂ ਸੰਗਠਨਾਂ ਦੇ ਆਗੂਆਂ ਦੀਆਂ ਹਨ ਅਤੇ ਇਹਨਾਂ ਤੋਂ ਉਨ੍ਹਾਂ ਨੂੰ ਲਾਭ ਹੋ ਰਿਹਾ ਹੈ।

ਮੀਟਿੰਗ ਵਿਚ ਦਸਿਆ ਗਿਆ ਕਿ ਹਿੰਦੂ ਮੰਚ, ਸ਼ਿਵ ਸ਼ਕਤੀ ਦਲ ਅਤੇ ਹਿੰਦੂ ਪਰੀਸ਼ਦ ਦੇ ਵਰਕਰ ਲਗਾਤਾਰ ਤਿਲਕ ਨਗਰ ਜਾ ਕੇ ਉਥੇ ਪੰਜਾਬ ਤੋਂ ਆਏ ਸ਼ਰਨਾਰਥੀਆਂ



Sri Satguru Jagjit Singh Ji eLibrary NamdhariElibrary@gmail.com

ਨੂੰ ਮਿਲਦੇ ਰਹੇ ਸਨ। ਕਲ੍ਹ ਵੀ ਕੁਝ ਵਰਕਰ ਦਿੱਲੀ ਵਿਚ ਸੰਧਿਆ ਵੇਲਿਕ ਦੀਆਂ ਕਾਪੀਆਂ ਲੈ ਕੇ ਸ਼ਰਨਾਰਥੀਆਂ ਦੇ ਠਹਿਰਨ ਦੀ ਥਾਂ ਉੱਤੇ ਪਹੁੰਚੇ, ਜਿਸ ਵਿਚ ਮੁਕਤਸਰ ਹੱਤਿਆ ਕਾਂਡ ਦੀ ਖਬਰ ਸੀ। ਅਖਬਾਰ ਦਾ ਮੁਖ ਪੰਨਾ ਕਟ ਕੇ ਬਾਹਰ ਦੀ ਦੀਵਾਰ ਤੇ ਚਿਪਕਾ ਦਿਤਾ ਗਿਆ। ਇਹ ਵਰਕਰ ਰਾਤ ਭਰ ਉਥੇ ਰਹੇ ਅਤੇ ਗੁਰਦੁਆਰਿਆਂ ਉੱਤੇ ਜਾ ਕੇ ਲੋਕਾਂ ਨੂੰ ਇਕੱਠਾ ਕਰਦੇ ਰਹੇ। ਇਹਨਾਂ ਵਿਚੋਂ ਚਾਰ ਵਿਅਕਤੀਆਂ ਦੇ ਨਾਂ ਸਥਾਨਕ ਲੋਕਾਂ ਨੇ ਵੀ ਲਏ ਹਨ।

ਦੂਸਰੇ ਪਾਸੇ ਵੀ ਤਿਆਰੀਆਂ ਹੁੰਦੀਆਂ ਰਹੀਆਂ। ਪਟੇਲ ਨਗਰ, ਕਿਸ਼ਨਪੁਰੀ ਅਤੇ ਹਰੀ ਨਗਰ ਵਿਚ ਮੀਟਿੰਗਾਂ ਹੋਈਆਂ ਜਿਸ ਵਿਚ ਇਕ ਨੌਜਵਾਨ ਨੇ ਪ੍ਰਮੁਖ ਦੇ ਤੌਰ ਤੇ ਉਥੇ ਹਿੱਸਾ ਲਿਆ। ਇਹ ਸਿਖ ਅੱਤਵਾਦੀਆਂ ਨਾਲ ਸੰਪਰਕ ਹੋਣ ਦੇ ਦੋਸ਼ ਵਿਚ ੭ ਮਹੀਨੇ ਜੇਲ੍ਹ ਵਿਚ ਰਹਿਣ ਦੇ ਬਾਅਦ ਡੇਢ ਮਹੀਨਾ ਪਹਿਲਾਂ ਹੀ ਰਿਹਾ ਹੋਇਆ ਸੀ। ਮੀਟਿੰਗ ਵਿਚ ਇਸ ਗੱਲ ਉੱਤੇ ਵੀ ਸਹਿਮਤੀ ਸੀ ਕਿ ਅੱਤਵਾਦ ਜਾਂ ਦੇਸ਼ ਵਿਰੋਧੀ ਸਰਗਰਮੀਆਂ ਦੇ ਦੋਸ਼ ਜਿਹਨਾਂ ਲੋਕਾਂ ਉੱਤੇ ਲਗੇ ਹਨ ਉਹਨਾਂ ਦੀ ਰਿਹਾਈ ਲਈ ਦਿਤੀਆਂ ਗਈਆਂ ਦਲੀਲਾਂ ਦੀ ਦੁਬਾਰਾ ਪੜਤਾਲ ਕੀਤੀ ਜਾਵੇ।

ਪੂਰਬੀ ਦਿੱਲੀ ਪੁਲਸ ਨੂੰ ਕਿਹਾ ਗਿਆ ਹੈ ਕਿ ਕਤਲ ਦੇ ਦੋਸ਼ ਵਿਚ ੨੦ ਸਾਲ ਦੀ ਸਜ਼ਾ ਕੱਟ ਚੁਕੇ ਅਤੇ ਹਾਲ ਹੀ ਵਿਚ ਅੰਦਰਲੀ ਸੁਰੱਖਿਆ ਕਾਨੂੰਨ ਦੇ ਤਹਿਤ ਫੜੇ ਅਤੇ ਬਾਅਦ ਵਿਚ ਛੱਡੇ ਗਏ, ਇਕ ਹਿੰਦੂ ਸੰਗਠਨ ਦੇ ਨੇਤਾ ਦੀਆਂ ਵਰਤਮਾਨ ਗਤੀਵਿਧੀਆਂ ਦਾ ਪਤਾ ਲਾਇਆ ਜਾਵੇ।

ਮੀਟਿੰਗ ਵਿਚ ਇਹ ਵੀ ਸੁਝਾਅ ਦਿਤਾ ਗਿਆ ਕਿ ਅੱਤਵਾਦੀਆਂ ਉੱਤੇ ਰੋਕ ਅਤੇ ਦੰਗਿਆਂ ਦੇ ਹਲ ਦੇ ਲਈ ਇਕ ਸਾਂਝਾ ਸੈੱਲ ਬਣਾਇਆ ਜਾਵੇ ਜਿਸ ਵਿਚ ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀ ਹੋਣ, ਪਰੰਤੂ ਪ੍ਰਧਾਨ ਮੰਤਰੀ ਨੇ ਇਹ ਸੁਝਾ ਇਹ ਕਹਿੰਦੇ ਹੋਏ ਰੱਦ ਕਰ ਦਿਤਾ ਕਿ ਸੰਯੁਕਤ ਕਮਾਨ ਜ਼ਿੰਮੇਵਾਰੀਆਂ ਦੀ ਵੰਡ ਵਿਚ ਹੋਣ ਵਾਲੀਆਂ ਗੜਬੜੀਆਂ ਦੇ ਕਾਰਨ ਆਸਾਨੀ ਨਾਲ ਕੰਮ ਨਹੀਂ ਕਰ ਸਕੇਗੀ।

ਪਰੰਤੂ ਪ੍ਰਧਾਨ ਮੰਤਰੀ ਨੇ ਨਿਕੰਮੇ ਸੁਰੱਖਿਆ ਪ੍ਰਬੰਧਾਂ ਅਤੇ ਤਣਾਅ ਦੀ ਪਹਿਲਾਂ ਜਾਣਕਾਰੀ ਨਾ ਦੇਣ ਦੇ ਲਈ ਦਿੱਲੀ ਪੁਲਸ ਅਤੇ ਉਸਦੇ ਖੁਫੀਆ ਵਿਭਾਗ ਨੂੰ ਖੂਬ ਕੋਸਿਆ। ਬਾਅਦ ਵਿਚ ਪੁਲਸ ਨੇ ਪੱਛਮੀ ਦਿੱਲੀ ਦੇ ਖੁਫੀਆ ਅਧਿਕਾਰੀਆਂ ਵਿਚ ਕਾਫੀ ਫੇਰ ਬਦਲ ਦੀ ਗਲ ਕਹੀ, ਜਿਸਦੀ ਵਿਧੀਵਤ ਸੰਰਚਨਾ ਇਕ ਦੋ ਦਿਨ ਵਿਚ ਦੇ ਦਿਤੀ ਜਾਵੇਗੀ।

ਪੁਲਸ ਕਮਿਸ਼ਨਰ ਵੇਦ ਮਰਵਾਹਾ ਜਿਹਨਾਂ ਦਾ ਕਲ੍ਹ ਪਚਵਾਂ ਜਨਮ ਦਿਨ ਵੀ ਸੀ, ਇਹਨਾਂ ਦੰਗਿਆਂ ਤੋਂ ਕਾਫੀ ਪਰੇਸ਼ਾਨ ਸਨ। ਨਵੰਬਰ ਦੇ ਦੰਗਿਆਂ ਵਿਚ ਸੁਭਾਸ਼ ਟੰਡਨ ਦੀ ਅਸਫਲਤਾ ਦੇ ਬਾਅਦ ਉਹਨਾਂ ਨੂੰ ਐਡੀਸ਼ਨਲ ਕਮਿਸ਼ਨਰ ਬਣਾ ਕੇ ਲਿਆਂਦਾ ਗਿਆ ਸੀ ਅਤੇ ਬਾਅਦ ਵਿਚ ਤਰੱਕੀ ਦੇ ਦਿਤੀ ਗਈ ਸੀ, ਉਹਨਾਂ ਨੇ ਪੱਤਰਕਾਰਾਂ ਨੂੰ ਦਸਿਆ ਕਿ—"ਅਜੇ ਸਾਨੂੰ ਲਗ ਰਿਹਾ ਹੈ ਕਿ ਸਾਡੀਆਂ ਸੀਮਾਵਾਂ ਕੀ ਹਨ?" (ਧਾ)

## ਬਾਦਲ ਧੜਾ ਅੱਤਵਾਦੀਆਂ ਦੀ ਮਦਦ 'ਤੇ-ਚੰਦੂਮਾਜਰਾ

ਅੰਬਾਲਾ, ੨੯ ਜੁਲਾਈ ਪੰਜਾਬ ਸਹਿਕਾਰਤਾ ਮੰਤਰੀ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਦੋਸ਼ ਲਾਇਆ ਕਿ ਸਾਬਕਾ ਮੁਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਨਾਰਾਜ਼ ਅਕਾਲੀ ਧੜਾ ਸੂਬੇ ਵਿਚ ਅੱਤਵਾਦ ਤੇ ਦਹਿਸ਼ਤਵਾਦ ਦੀ ਮਦਦ ਕਰ ਰਿਹਾ ਹੈ ਅਤੇ ਪੰਜਾਬ ਸਮਝੌਤੇ ਉੱਤੇ ਅਮਲ ਵਿਚ ਰੁਕਾਵਟ ਪਾ ਰਿਹਾ ਹੈ।

ਪ੍ਰੋ: ਚੰਦੂਮਾਜਰਾ ਨੇ ਕਲ੍ਹ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਦਹਿਸ਼ਤਪਸੰਦਾਂ ਵਲੋਂ ਮੁਕਤਸਰ ਨੇੜੇ ਬੱਸ ਦੇ ਮੁਸਾਫਰ ਕਤਲ ਕਰਨ ਦੀ ਕਰੜੀ ਨਿੰਦਾ ਕੀਤੀ ਅਤੇ ਕਿਹਾ ਕਿ ਬੇਗੁਨਾਹਾਂ ਦੇ ਕਤਲ ਗੁਰੂ ਨਾਨਕ ਦੇਵ ਦੀਆਂ ਸਿਖਿਆਵਾਂ ਦੇ ਉਲਟ ਹਨ ਅਤੇ ਅਜਿਹੇ ਕਾਰੇ ਕਰਨ ਵਾਲੇ ਸਿੱਖ ਨਹੀਂ ਕਹਾ ਸਕਦੇ। ਉਹਨਾ ਹਰਿਆਣੇ ਦੇ ਸਾਬਕਾ ਮੁਖ ਮੰਤਰੀ ਸ੍ਰੀ ਭਜਨ ਲਾਲ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਹਨਾਂ ਪੰਜਾਬ ਸਮੱਸਿਆ ਦੇ ਹੱਲ ਨੂੰ ੨ ਸਾਲ ਤਕ ਲਟਕਾਇਆ।

ਬਾਅਦ ਵਿਚ ਪੰਜਾਬ ਤੋਂ ਆਏ ਹਿੰਦੂ ਪਰਿਵਾਰਾਂ ਦੇ ਵਫਦ ਨਾਲ ਗਲਬਾਤ ਕਰਦਿਆਂ ਸ੍ਰੀ ਚੰਦੂਮਾਜਰਾ ਨੇ ਉਹਨਾਂ ਨੂੰ ਪੰਜਾਬ ਸਰਕਾਰ ਵਲੋਂ ਪੂਰਨ ਸੁਰੱਖਿਆ ਤੇ ਸਹੂਲਤਾਂ ਦਾ ਯਕੀਨ ਦਵਾਇਆ। ਉਹਨਾਂ ਕਿਹਾ ਕਿ ਜੇ ਉਹ ਪੰਜਾਬ ਪਰਤ ਆਉਂਦੇ ਹਨ ਤਾਂ ਦੂਜੇ ਹਿੰਦੂ, ਜੋ ਉਥੇ ਹਿਜਰਤ ਬਾਰੇ ਸੋਚਦੇ ਹੋਣ ਅਜਿਹਾ ਕਰਨੋਂ ਰੁਕ ਸਕਦੇ ਹਨ। (ਧਾ)

## ਕੈਨੇਡਾ 'ਚ ਤਲਵਿੰਦਰ ਸਿੰਘ ਤੇ ਉਨ੍ਹਾਂ ਦੇ ਦੋ ਸਾਥੀਆਂ ਦੀ ਜ਼ਮਾਨਤ ਨਾ ਹੋਈ

ਵਾਸ਼ਿੰਗਟਨ, ੨੩ ਜੁਲਾਈ—ਬੱਬਰ ਖਾਲਸਾ ਦਲ ਦੇ ਨੇਤਾ ਤਲਵਿੰਦਰ ਸਿੰਘ ਪਰਮਾਰ ਦੀ ਜ਼ਮਾਨਤ ਨਹੀਂ ਹੋਈ ਕਿਉਂਕਿ ਓਨਟੇਰੀਓ ਦੀ ਸੁਪਰੀਮ ਕੋਰਟ ਨੇ ਉਹਨਾਂ ਦੀ ਜ਼ਮਾਨਤ ਦੀ ਦਰਖਾਸਤ ਰੱਦ ਕਰ ਦਿਤੀ ਹੈ। ਯਾਦ ਰਹੇ ਕਿ ਸ: ਪਰਮਾਰ ਤੇ ਉਹਨਾਂ ਦੇ ੬ ਹੋਰ ਸਾਥੀਆਂ ਨੂੰ ਪਿੱਛੇ ਜਿਹੇ ਗ੍ਰਿਫਤਾਰ ਕੀਤਾ ਗਿਆ ਸੀ। ਉਹਨਾਂ ਵਿਰੁਧ



Sri Satguru Jagjit Singh Ji eLibrary NamdhariElibrary@gmail.com

ਭਾਰਤ ਦੀ ਪਾਰਲੀਮੈਂਟ ਨੂੰ ਡਰਾਉਣ ਤੇ ਭਾਰਤ ਵਿਚ ਹੋਰ ਭੰਨ ਤੋੜ ਦੀਆਂ ਕਾਰਵਾਈਆਂ ਦੀ ਸਾਜਿਸ਼ ਰਚਣ ਦਾ ਦੋਸ਼ ਹੈ। ਸੁਪਰੀਮ ਕੋਰਟ ਨੇ ਕਲ੍ਹ ਪਰਮਾਰ ਤੋਂ ਇਲਾਵਾ ਸਾਧੂ ਸਿੰਘ ਧਿਆਲਾ ਤੇ ਤਜਿੰਦਰ ਸਿੰਘ ਦੀ ਜ਼ਮਾਨਤ ਦੀ ਦਰਖ਼ਾਸਤ ਰੱਦ ਕਰ ਦਿਤੀ। ਇਸ ਬਾਰੇ ਟਿੱਪਣੀ ਕਰਦਿਆਂ ਟਰਾਂਟੋ, ਓਨਟੇਰੀਓ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਸੁਰਿੰਦਰ ਲਾਲ ਮਲਿਕ ਨੇ ਕਿਹਾ ਕਿ ਇਹਨਾਂ ਲੋਕਾਂ ਦੀ ਜ਼ਮਾਨਤ ਨਾ ਹੋਣ ਦੀ ਖ਼ਬਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਕਨੇਡਾ ਦੇ ਲੋਕ ਇਹਨਾਂ ਅੱਤਵਾਦੀਆਂ ਨੂੰ ਪਸੰਦ ਨਹੀਂ ਕਰਦੇ। ਤਲਵਿੰਦਰ ਸਿੰਘ ਪਰਮਾਰ ਤੇ ਉਹਨਾਂ ਦੇ ਦੋ ਸਾਥੀਆਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਦਿਆਂ ਜਸਟਿਸ ਓਲਬਰੀਅਨ ਨੇ ਜੋ ਫ਼ਤਵਾ ਦਿੱਤਾ ਉਸ ਵਿਚ ਉਹਨਾਂ ਕਿਹਾ ਕਿ ਖ਼ਾਲਸਤਾਨੀਆਂ ਦੀਆਂ ਸਰਗਰਮੀਆਂ ਕਰਕੇ ਇਥੇ ਦੇ ਸਿੱਖਾਂ ਵਿਚ ਵੀ ਡਰ ਤੇ ਬੇਵਸੀ ਦੀ ਭਾਵਨਾ ਪਾਈ ਜਾਂਦੀ ਹੈ। ਉਹਨਾਂ ਕਿਹਾ ਕਿ ਇਸ ਦੇਸ਼ ਵਿਚ ਹਰ ਕੌਮ ਨੂੰ ਸ਼ਾਂਤੀ ਨਾਲ ਰਹਿਣ ਦਾ ਹੱਕ ਹੈ। ਉਹਨਾਂ ਹਿੰਸਾ ਦਾ ਵਿਰੋਧ ਕੀਤਾ ਤੇ ਕਿਹਾ ਕਿ ਕੈਨੇਡਾ ਦੇ ਲੋਕ ਤੇ ਸਰਕਾਰ ਇਸ ਧਰਤੀ ਤੇ ਕਿਸੇ ਕਿਸਮ ਦੀ ਹਿੰਸਾ ਬਰਦਾਸ਼ਤ ਨਹੀਂ ਕਰਨਗੇ ਤੇ ਕੋਈ ਹਰਕਤ ਜੋ ਦੇਸ਼ ਲਈ ਹਾਨੀਕਾਰਕ ਹੋਵੇਗੀ, ਦਬਾ ਦਿਤੀ ਜਾਏਗੀ। (ਧਾ)

## ਕਪੂਰਥਲਾ ਜੇਲ੍ਹ-ਕਾਂਡ ਵਿਚ ਮੁਅੱਤਲ ਜੇਲ੍ਹ ਵਾਰਡਨ ਨੇ ਖ਼ੁਦਕਸ਼ੀ ਕਰ ਲਈ

ਕਪੂਰਥਲਾ, ੨੩ ਜੁਲਾਈ- ਕੇਂਦਰੀ ਜੇਲ੍ਹ ਦੇ ਵਾਰਡਨ ਖੁਸ਼ੀ ਰਾਮ ਵਲੋਂ ਬੀਤੀ ਰਾਤ ਖ਼ੁਦਕਸ਼ੀ ਕਰਨ ਦੀ ਸੂਚਨਾ ਮਿਲੀ ਹੈ। ਇਸ ਮਹੀਨੇ ੧੫ ਜੁਲਾਈ ਨੂੰ ਹੋਏ ਜੇਲ੍ਹ ਕਾਂਡ ਜਿਸ ਵਿਚ ਦਹਿਸ਼ਤਪਸੰਦਾਂ ਨੇ ਦੋ ਬੰਦੇ ਮਾਰ ਕੇ ਦੋ ਕੈਦੀਆਂ ਨੂੰ ਛੁੜਾ ਲਿਆ ਸੀ, ਸੰਬੰਧੀ ਮੁਅੱਤਲ ਕੀਤੇ ਗਏ ਜੇਲ੍ਹ ਅਧਿਕਾਰੀਆਂ ਵਿਚ ਇਸ ਜੇਲ੍ਹ ਵਾਰਡਨ ਦਾ ਨਾਂ ਵੀ ਸ਼ਾਮਿਲ ਸੀ ਜਿਸ ਨੇ ਆਪਣੀ ਪੇਸ਼ਗੀ ਜ਼ਮਾਨਤ ਕਰਵਾ ਲਈ ਸੀ। ਖੁਸ਼ੀ ਰਾਮ ਜੋ ਕਿ ਨੰਗਲ ਚੌਕ ਦਾ ਰਹਿਣ ਵਾਲਾ ਸੀ ਇਸ ਵੇਲੇ ਜੇਲ੍ਹ ਨੇੜੇ ਆਪਣੇ ਕੁਆਟਰ ਵਿਚ ਰਹਿ ਰਿਹਾ ਸੀ। ਉਸ ਛੱਤ ਨਾਲ ਲੱਗੀ ਕੁੰਡੀ ਨੂੰ ਰੱਸਾ ਬੰਨ੍ਹ ਕੇ ਫਾਹਾ ਲੈ ਲਿਆ। ਇਸ ਸਾਰੀ ਗੱਲ ਦਾ ਉਸ ਸਮੇਂ ਪਤਾ ਲੱਗਾ ਜਦੋਂ ਪੁਲਸ ਨੇ ਜੇਲ੍ਹ ਵਾਰਡਨ ਦੇ ਕਮਰੇ ਦੀ ਕੁੰਡੀ ਪੁੱਟ ਕੇ ਉਸ ਨੂੰ ਮ੍ਰਿਤਕ ਵੇਖਿਆ। ਖ਼ੁਦਕਸ਼ੀ ਦੇ ਕਾਰਨਾਂ ਬਾਰੇ ਅਜੇ ਕੋਈ ਸੂਚਨਾ ਨਹੀਂ ਮਿਲੀ। (ਧਾ)

## ਭੇਦ ਨਹੀਂ ਖੋਲ੍ਹਿਆ

ਨਵੀਂ ਦਿੱਲੀ, ੨੪ ਜੁਲਾਈ-ਵਿਦੇਸ਼ ਰਾਜ ਮੰਤਰੀ ਨੇ ਅੱਜ ਰਾਜ ਸਭਾ ਵਿਚ ਦਸਿਆ ਕਿ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਕਿਸੇ ਵੀ ਅਧਿਕਾਰੀ ਵਲੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਲੰਡਨ ਦੌਰੇ ਦਾ ਭੇਦ ਨਹੀਂ ਖੋਲ੍ਹਿਆ ਗਿਆ। ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਪ੍ਰਧਾਨ ਮੰਤਰੀ ਦਾ ਕਤਲ ਕਰਨ ਦੀ ਸਾਜ਼ਿਸ਼ ਕਰਨ ਵਾਲੇ ਦੂਤਾਵਾਸ ਦੀ ਪੁਲਸ ਨਾਲ ਰਲਕੇ ਕੰਮ ਕਰ ਰਹੇ ਹਨ। (ਧਾ)

## ਅੰਤਰਿਮ ਰਿਲੀਫ਼

ਕਿਰਤ ਰਾਜ ਮੰਤਰੀ ਸ੍ਰੀ ਸੰਗਮਾ ਨੇ ਰਾਜ ਸਭਾ ਵਿਚ ਦਸਿਆ ਕਿ ਪੱਤਰਕਾਰਾਂ ਤੇ ਗੈਰ ਪੱਤਰਕਾਰਾਂ ਦੀ ਅੰਤਰਿਮ ਰਿਲੀਫ਼ ਦਵਾਉਣ ਦਾ ਫ਼ੈਸਲਾ ਅਖ਼ਬਾਰੀ ਸਨਅਤ ਦੇ ਸਾਰੇ ਧਿਰਾਂ ਤੇ ਵਿਚਾਰ ਪਿਛੋਂ ਕੀਤਾ ਗਿਆ। (ਧਾ)

## ਔਰਤਾਂ ਦੀ ਬਟਾਲੀਅਨ

ਲੋਕ ਸਭਾ ਵਿਚ ਦਸਿਆ ਗਿਆ ਕਿ ਕੇਂਦਰੀ ਰਿਜ਼ਰਵ ਫੋਰਸ ਵਿਚ ਅਮਨ ਕਾਨੂੰਨ ਕਾਇਮ ਰਖਣ ਲਈ ਔਰਤਾਂ ਦੀ ਇਕ ਬਟਾਲੀਅਨ ਤਿਆਰ ਕੀਤੀ ਜਾ ਰਹੀ ਹੈ। ਇਹ ਫ਼ੈਸਲਾ ਅੰਦੋਲਨਾਂ ਤੇ ਵਿਖਾਵਿਆਂ ਵਿਚ ਹਿੱਸਾ ਲੈਣ ਵਾਲੀਆਂ ਔਰਤਾਂ ਨਾਲ ਨਿਪਟਣ ਲਈ ਲਿਆ ਗਿਆ ਹੈ। (ਧਾ)

## ਏਅਰ ਕਰਾਫ਼ਟ ਕੈਰੀਅਰ

ਲੋਕ ਸਭਾ ਵਿਚ ਰਖਿਆ ਰਾਜ ਮੰਤਰੀ ਅਰੁਨ ਸਿੰਘ ਨੇ ਦਸਿਆ ਕਿ ਸਰਕਾਰ ਵਲੋਂ ਭਾਰਤੀ ਨੇਵੀ ਲਈ ਤੀਜਾ ਏਅਰ ਕਰਾਫ਼ਟ ਕੈਰੀਅਰ ਤਿਆਰ ਨਹੀਂ ਕੀਤਾ ਜਾ ਰਿਹਾ। ਰਖਿਆ ਰਾਜ ਮੰਤਰੀ ਸੁਖਰਾਮ ਨੇ ਇਸ ਗੱਲ ਨੂੰ ਗਲਤ ਦਸਿਆ ਕਿ ਵਖ ਵਖ ਆਰਡੀਨੈਂਸ ਫੈਕਟਰੀਆਂ ਵਿਚੋਂ ਹਥਿਆਰ ਅਤੇ ਸਿੱਕਾ ਬਾਰੂਦ ਚੋਰੀ ਹੋ ਗਿਆ ਹੈ। ੧੯੮੪ ਵਿਚ ਕੁਝ ਚੋਰੀਆਂ ਦਾ ਪਤਾ ਲਗਾ ਸੀ ਤੇ ਜ਼ਿੰਮੇਵਾਰ ਵਿਅਕਤੀਆਂ ਵਿਰੁਧ ਕਾਰਵਾਈ ਕੀਤੀ ਗਈ ਸੀ।

## ਦਹੇਜ ਲਈ ਮੌਤਾਂ

ਗ੍ਰਹਿ ਵਜ਼ਾਰਤ ਵਲੋਂ ਦਸਿਆ ਗਿਆ ਕਿ ੧੯੮੦ ਤੋਂ ਹੁਣ ਤੱਕ ਦੇਸ਼ ਭਰ ਵਿਚ ਦਹੇਜ ਕਾਰਨ ੨੧੩੭ ਮੌਤਾਂ ਹੋਈਆਂ। ਉਤਰ ਪ੍ਰਦੇਸ਼ ਵਿਚ ੧੯੮੪ ਤੋਂ ਹੁਣ ਤੱਕ ੬੧੫ ਮੌਤਾਂ ਹੋਈਆਂ ਜੋ ਸਾਰੇ ਰਾਜਾਂ ਤੋਂ ਵਧ ਹਨ। ਮਹਾਰਾਸ਼ਟਰ ਵਿਚ ੨੫੨, ਹਰਿਆਣਾ ਵਿਚ ੨੧੭, ਪੰਜਾਬ ੯੮, ਰਾਜਸਥਾਨ ਵਿਚ ੮੦, ਤੇ ਕਰਨਾਟਕ ਵਿਚ ੮੧, ਮੌਤਾਂ ਹੋਈਆਂ। (ਧਾ)



Sri Satguru Jagjit Singh Ji eLibrary NamdhariElibrary@gmail.com

## ਰਾਜ ਮਿਸਤ੍ਰੀਆਂ ਨੂੰ ਸਹਾਇਤਾ ਦੀ ਮੰਗ

ਜਲੰਧਰ, ੨੩ ਜੁਲਾਈ—ਰਾਜ ਮਿਸਤਰੀ ਮਜ਼ਦੂਰ, ਯੂਨੀਅਨ ਸਟਾਲਾ ਦੇ ਆਗੂ ਸੁਰਿੰਦਰ ਸਿੰਘ ਕਲਸੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਪੰਜਾਬ ਦਾ ਧਿਆਨ ਪਿੱਛੇ ਦਿਤੇ ਮੈਮੋਰੰਡਮ ਵਲ ਦਵਾਇਆ ਹੈ. ਜਿਸ ਵਿਚ ਸਰਕਾਰ ਨੂੰ ਕਰਫਿਊ ਦੇ ਦੌਰਾਨ ਭੁੱਖਮਰੀ ਤੇ ਬੇਰੁਜ਼ਗਾਰੀ ਦਾ ਸ਼ਿਕਾਰ ਹੋਏ ਰਾਜ ਮਿਸਤਰੀਆਂ ਤੇ ਮਜ਼ਦੂਰਾਂ ਨੂੰ ਸਹਾਇਤਾ ਦੇਣ ਬਾਰੇ ਮੁਖ ਮੰਤਰੀ, ਗਵਰਨਰ ਪੰਜਾਬ ਅਤੇ ਸ: ਨੱਥਾ ਸਿੰਘ ਦਾਲਮ ਲੋਕ ਸੰਪਰਕ ਪੰਜਾਬ ਨੂੰ ਦਿਤੀਆਂ ਦਰਖਾਸਤਾਂ ਤੇ ਤੁਰੰਤ ਗੌਰ ਕਰਨ ਲਈ ਅਪੀਲ ਕੀਤੀ ਹੈ. (ਜਾ)

## ਨਵਵਿਆਹੁਤਾ ਮੁਟਿਆਰ ਸੜਕੇ ਮਰ ਗਈ

ਧੂਰੀ, (ਨ. ਜ਼. ਸ.)—ਬੀਤੇ ਦਿਨ ਇਥੇ ਇਕ ਦਰਦਨਾਕ ਘਟਨਾ ਵਾਪਰੀ ਜਦੋਂ ਕਿ ਕੇਵਲ ਇਕ ਸਾਲ ਦੀ ਵਿਆਹੀ ਨੌਜਵਾਨ ਲੜਕੀ ਦਿਆ ਵੰਤੀ ਜਿਸਦੇ ਮਾਤਾ ਪਿਤਾ ਜਲੰਧਰ ਦੇ ਰਹਿਣ ਵਾਲੇ ਹਨ, ਮਿੱਟੀ ਦਾ ਤੇਲ ਪਾ ਕੇ ਜਲ ਮਰੀ ਕਿਉਂਕਿ ਇਸ ਨਵ ਵਿਆਹੀ ਨੂੰ ਉਸਦਾ ਪਤੀ ਸੱਤਪਾਲ ਪੁਤਰ ਰਾਜ ਕੁਮਾਰ ਅਗਰਵਾਲ ਵਾਸੀ ਧੂਰੀ, ਉਸਦੀ ਮਾਂ ਕ੍ਰਿਸ਼ਨਾ ਅਤੇ ਸੌਹਰਾ ਪੇਕਿਆਂ ਤੋਂ ਹੋਰ ਦਹੇਜ ਅਤੇ ਨਕਦ ਪੈਸੇ ਲਿਆਉਣ ਲਈ ਤੰਗ ਕਰ ਰਹੇ ਸਨ. ਅਤੇ ਇਸ ਸਬੰਧ ਵਿਚ ਲੜਕੀ ਦੇ ਸੌਹਰੇ ਉਸਦੇ ਪਿਤਾ ਸ੍ਰੀ ਲਾਜਪੱਤ ਜਲੰਧਰ ਨਿਵਾਸੀ ਨੂੰ ਸੁਨੇਹੇ ਵੀ ਭੇਜਦੇ ਰਹੇ ਕਿ ਉਹਨਾਂ ਦਾ ਲਾਲਚ ਪੂਰਾ ਕੀਤਾ ਜਾਵੇ। ਇਹ ਨੌਜਵਾਨ ਲੜਕੀ ਸਖਤ ਜਲੀ ਹਾਲਤ ਵਿਚ ਹਸਪਤਾਲ ਲਿਆਂਦੀ ਪਰ ਉਹ ਦਮ ਤੋੜ ਗਈ। ਥਾਣਾ ਧੂਰੀ ਦੀ ਪੁਲੀਸ ਨੇ ੩੦੬ ਆਈ. ਪੀ. ਸੀ. ਅਧੀਨ ਪਤੀ ਸੱਤਪਾਲ, ਉਸਦੇ ਪਿਤਾ ਰਾਜ ਕੁਮਾਰ, ਅਤੇ ਉਸਦੀ ਮਾਤਾ ਵਿਰੁਧ ਕੇਸ ਦਰਜ ਕਰ ਲਿਆ ਹੈ ਪਰ ਅਜੇ ਕੋਈ ਗ੍ਰਿਫਤਾਰੀ ਨਹੀਂ ਹੋਈ। (ਧਾ)

## ਸਭ ਮੁਜਰਮਾਂ ਦੇ ਸਿਰਨਾਵੇਂ

ਬੰਬਈ, ੨੭ ਜੁਲਾਈ —੧੦ ਸਾਲਾਂ ਦੀ ਮਿਹਨਤ ਪਿਛੋਂ ਮਹਾਰਾਸ਼ਟਰ ਪੁਲਸ ਦੇ ਸੂਚਨਾ-ਕੇਂਦਰ ਵਿਚ ਰਾਜ ਦੇ ੪ ਲੱਖ ਸਜ਼ਾ ਯਾਫਤਾ ਮੁਜਰਮਾਂ ਬਾਰੇ ਮੁਕੰਮਲ ਜਾਣਕਾਰੀ ਕੰਪਿਊਟਰ 'ਚ ਰੀਕਾਰਡ ਕਰ ਲਈ ਹੈ.

੧੯੭੩ ਤੋਂ ੧੯੮੫ ਦੇ ਦਰਮਿਆਨ ਰਾਜ ਦੇ ੯੦੦ ਥਾਣਿਆਂ ਵਿਚ ਰਜਿਸਟਰ ਹੋਏ ਜਾਇਦਾਦ ਨਾਲ ਸਬੰਧਤ ੫ ਲੱਖ ਫੌਜਦਾਰੀ ਮਾਮਲਿਆਂ ਦੇ ਵਿਸਥਾਰ ਵਿਚ ਕੰਪਿਊਟਰ ਬੈਂਕ ਵਿਚ ਜਮ੍ਹਾਂ ਕਰ ਲਏ ਗਏ ਹਨ। ਇਸ ਸੂਚਨਾ ਬੈਂਕ ਵਿਚ ਸੁਲਝਾ ਲਏ ਗਏ ਕੇਸਾਂ ਤੇ ਸਜ਼ਾ ਪਾ ਗਏ ਮੁਜਰਮਾਂ ਬਾਰੇ ਵੀ ਵਿਸਥਾਰ ਵੀ ਸ਼ਾਮਲ ਹਨ। ਇਹਨਾ ਕੰਪਿਊਟਰਾਂ ਦੀ ਮਦਦ ਨਾਲ ਵਖ ਵਖ ਪੁਲਸ ਥਾਣਿਆਂ ਵਲੋਂ ਵਖ ਵਖ ਮੁਜਰਮਾਂ ਬਾਰੇ ਮੰਗੀ ਜਾਂਦੀ ਸੂਚਨਾ ਤੁਰੰਤ ਦੇ ਦਿਤੀ ਜਾਂਦੀ ਹੈ।

ਬੰਬਈ ਵਿਚ ਰਜਿਸਟਰਡ ੪ ਲੱਖ ਗਡੀਆਂ, ਬੱਸਾਂ ਕਾਰਾਂ ਵਿਚੋਂ ਕੰਪਿਊਟਰਾਂ ਨੂੰ ਹਰ ਰੋਜ਼ ਅਜੇਹੇ ਔਸਤਨ ੬੦੦ਵਹੀਕਲ ਮਾਲਕਾਂ ਦੇ ਸਿਰਨਾਵਿਆਂ ਦੀ ਭਾਲ ਕਰਨੀ ਪੈਂਦੀ ਹੈ, ਜਿਨ੍ਹਾਂ ਨੂੰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਕਰਕੇ ਨੋਟਿਸ ਭੇਜੇ ਜਾਂਦੇ ਹਨ, (ਧਾ)

## ਨਿਰਵੈਰ ਸਿੰਘ ਅਰਸ਼ੀ ਦੀ ਅਲਵਿਦਾ

ਗੁਰਦੁਆਰਾ ਸੱਚ ਖੰਡ ਬੋਰਡ ਨੰਦੇੜ ਦੇ ਹਰਮਨ ਪਿਆਰੇ ਮਾਸਕ ਪੱਤਰ ਸੱਚ ਖੰਡ ਪੱਤਰ ਦੇ ਸੁਯੋਗ ਸੰਪਾਦਕ ਸ: ਨਿਰਵੈਰ ਸਿੰਘ ਅਰਸ਼ੀ ਇਸ ਪੱਤਰ ਦੀ ਸੇਵਾ ਤੋਂ ਮੁਕਤ ਹੋ ਗਏ ਹਨ। ਇਸ ਪੱਤਰ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ੧੨ ਸਾਲ ਉਹਨਾਂ ਇਸ ਪੱਤਰ ਦੀ ਸੰਪਾਦਕੀ ਕਰਕੇ ਇਸ ਨੂੰ ਚੋਟੀ ਦਾ ਧਾਰਮਕ ਪੱਤਰ ਬਣਾਇਆ ਹੈ। ਅਗਸਤ ੧੯੮੬ ਦੇ ਅੰਕ ਵਿਚ ਉਹਨਾਂ ਇਕ ਸੰਪਾਦਕੀ ਨੋਟ ਵਿਚ ਪੱਤਰ ਨੂੰ ਅਲਵਿਦਾ ਕਹੀ ਹੈ ਅਤੇ ਅਭਿਲਾਖਾ ਜਾਹਰ ਕੀਤੀ ਹੈ ਕਿ ''ਅਧਿਆਤਮਕ ਪਧ ਦੇ ਪਾਂਧੀਆਂ ਦਾ 'ਸੱਚਖੰਡ ਪੱਤਰ' ਪਹਿਲਾਂ ਵਾਂਗ ਹੀ ਮਾਰਗ ਦਰਸ਼ਨ ਕਰਦਾ ਰਹੇ...। ਆਪਣੇ ਬਾਰੇ ਉਹਨਾਂ ਲਿਖਿਆ ਹੈ ਕਿ...'ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥' ਅਰਸ਼ੀ ਜੀ ਦੇ ਸੰਪਾਦਕੀਆਂ ਵਿਚ ਖੋਜ, ਡੂੰਘਾਈ ਅਤੇ ਕੋਈ ਨਾ ਕੋਈ ਸੇਧ ਜ਼ਰੂਰ ਹੁੰਦੀ ਸੀ।

## ਮੁਰਦਿਆਂ ਦੇ ਵਿਆਹ

ਹਾਂਗਕਾਂਗ—ਉਤਰੀ ਪੂਰਬੀ ਚੀਨ ਵਿਚ ਅੱਜ ਕਲ੍ਹ ਮੌਤ ਪਿਛੋਂ ਵਿਆਹ ਕਰਨ ਦੀ ਪੁਰਾਣੀ ਪਰੰਪਰਾ ਮੁੜ ਚਲਣ ਕਾਰਨ ਅਣਵਿਆਹੁਤਾ ਔਰਤਾਂ ਦੀਆਂ ਲਾਸ਼ਾਂ ਮਹਿੰਗੇ ਭਾਅ ਵਿਕ ਰਹੀਆਂ ਹਨ। ਏ.ਐਫ.ਪੀ. ਅਨੁਸਾਰ ਚੈਂਗਾਨਾ ਸਿੰਗ ਹਾਓ ਨੇ 'ਫਾਂਗੂਲਾ ਜਰਨਲ' ਦੇ ਹਵਾਲੇ ਨਾਲ ਦਸਿਆ ਹੈ ਕਿ ਹਾਦਸੇ ਵਿਚ ਮਰੀ ਇਕ ਕੁੜੀ ਦੇ ਪਰਿਵਾਰ ਵਾਲਿਆਂ ਨੇ ਉਸ ਦੀ ਲਾਸ਼ ਤਿੰਨ ਹਜ਼ਾਰ ਯੇਨ (ਚੀਨੀ ਕਰੰਸੀ) ਤੇ ਵਧ ਮੁਲ ਵਿਚ ਵੇਚ ਦਿਤੀ। ਲਾਸ਼ ਇਕ ਅਜਿਹੇ ਪਰਿਵਾਰ ਨੇ



Sri Satguru Jagjit Singh Ji eLibrary NamdhariElibrary@gmail.com

ਖਹੀਦੀ ਜਿਨ੍ਹਾਂ ਦਾ ਪੁਤਰ ਵਿਆਹ ਹੋਣ ਤੋਂ ਪਹਿਲਾਂ ਹੀ ਮਰ ਗਿਆ ਸੀ। ਅਖਬਾਰ ਅਨੁਸਾਰ ਪਿਛਲੇ ਮਈ ਮਹੀਨੇ ਸ਼ਾਨਸ਼ਾਏ ਇਲਾਕੇ ਵਿਚ ੧੦ ਤੋਂ ਵਧ 'ਮੁਰਦ ਜੋੜਿਆਂ' ਦੇ ਵਿਆਹ ਰਚਾਏ ਗਏ। ਚੀਨੀਆਂ ਵਿਚ ਇਹ ਅੰਧਵਿਸ਼ਵਾਸ ਹੈ ਕਿ ਜੇ ਕੋਈ ਅਣਵਿਆਹਿਆ ਹੀ ਮਰ ਜਾਵੇ ਤਾਂ ਅਗਲੀ ਦੁਨੀਆਂ ਵਿਚ ਉਹ ਇਕੱਲਾ ਹੀ ਰਹਿ ਜਾਂਦਾ ਹੈ। ਵਿਆਹ ਸਮੇਂ ਕੰਨਿਆ ਦੀ ਲਾਸ਼ ਦਾ ਪੂਰਾ ਸ਼ਿੰਗਾਰ ਕੀਤਾ ਜਾਂਦਾ ਹੈ।

## ਨਾਮਧਾਰੀ ਵਿੱਦਿਅਕ ਜੱਥਾ, ਜ਼ਿਲਾ ਗੁਰਦਾਸਪੁਰ

ਨਾਮਧਾਰੀ ਵਿਦਿਅਕ ਜਥਾ ਜ਼ਿਲਾ ਗੁਰਦਾਸਪੁਰ ਦਾ ਹੇਠ ਲਿਖੇ ਅਨੁਸਾਰ ਨਵ-ਨਿਰਮਾਣ ਕੀਤਾ ਗਿਆ ਹੈ :—

੧. ਪ੍ਰਧਾਨ ਸ੍ਰ: ਜੋਗਿੰਦਰ ਸਿੰਘ ਜੰਗ, ਐਮ.ਏ.ਬੀ.ਐਡ. ਸਾਇੰਸ, ੨. ਮੀਤ ਪ੍ਰਧਾਨ ਮਾਸਟਰ ਦੱਸੌਂਧਾ ਸਿੰਘ ਕਾਹਲੋਂ (ਬਤੀਲਾ ਖੁਰਦ) ੩. ਸਕੱਤਰ ਸ੍ਰ: ਹਰਦੀਪ ਸਿੰਘ ਮੱਲਿਆਂਵਾਲ ਬੀ.ਏ. ੪. ਖਜ਼ਾਨਚੀ ਸ੍ਰ: ਪ੍ਰੀਤਮ ਸਿੰਘ ਬਟਾਲਾ ੫. ਮੈਂਬਰ ਕਾਰਜਕਾਰਣੀ ਮਾਸਟਰ ਜਸਵੰਤ ਸਿੰਘ ਬਾਜਵਾ (ਚੱਕ ਰਾਈਆਂ) ਐਮ.ਏ.ਐਮ.ਐਡ. ੬. ਮਾਸਟਰ ਅਜੀਤ ਸਿੰਘ ਘੁੰਢੇ ਨੰਗਲ ਐਮ.ਏ.ਐਮ.ਐਡ. ੭. ਸ੍ਰ: ਹਰਦੀਪ ਸਿੰਘ ਹੇਠੀਆਂ ਬੀ.ਏ. ੮. ਸ੍ਰ: ਸੁਖਵੰਤ ਸਿੰਘ ਵੱਲ੍ਹਪੁਰਾ ਬੀ.ਏ. ੯. ਸ੍ਰ: ਸੁਲੱਖਣ ਸਿੰਘ ਜੰਘੇੜੇ ਬੀ.ਏ. ੧੦. ਡਾ: ਅਜੀਤ ਸਿੰਘ ਉਮਰਪੁਰਾ ਆਰ. ਐਮ. ਪੀ. ੧੧. ਸ੍ਰ: ਰਾਜਿੰਦਰ ਸਿੰਘ ਨਾਗੀ (ਬਟਾਲਾ) ਡੀ.ਐਮ.ਈ. ੧੨. ਡਾ: ਨਿਰਮਲ ਸਿੰਘ ਨੁਸ਼ਹਿਰਾ ਮੱਝਾ ਸਿੰਘ ੧੩. ਸ੍ਰ: ਗੁਰਮੀਤ ਸਿੰਘ ਗੁਰਾਇਆ (ਕਿੜੀ ਅਫਗਾਨਾ) ੧੪. ਸ੍ਰ: ਜਗੀਰ ਸਿੰਘ ਸਮਰਾ ੧੫. ਸ੍ਰ: ਸੁਖਿਆਰ ਸਿੰਘ ਬਟਾਲਾ ਮੈਂਬਰ ਕੇਂਦਰੀ ਕਾਰਜਕਾਰਣੀ ਸ੍ਰ: ਜੋਗਿੰਦਰ ਸਿੰਘ ਜੰਗ।

## ਪੰਜਾਬੀ ਸਾਹਿਤ ਸੰਗਮ ਜੰਮੂ-ਕਸ਼ਮੀਰ ਦਾ ਸੈਮੀਨਾਰ ਸੰਪਨ

੨੦ ਅਪਰੈਲ ੧੯੮੯ ਨੂੰ ਪੰਜਾਬੀ ਸਾਹਿਤ ਸੰਗਮ ਜੰਮੂ-ਕਸ਼ਮੀਰ ਦਾ ਇਕ ਰੋਜ਼ਾ ਸੈਮੀਨਾਰ ਰਜਿੰਦਰਾ ਪਾਰਕ ਜੰਮੂ ਵਿਖੇ ਹੋਇਆ। ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀਆਂ ਪ੍ਰਾਪਤੀਆਂ ਅਤੇ ਦਰਪੇਸ਼ ਸਮਸਿਆਵਾਂ ਸਬੰਧੀ ਡਾ: ਬਲਦੇਵ ਰਾਜ ਗੁਪਤਾ ਸੀਨੀਅਰ ਰੀਡਰ ਪੰਜਾਬੀ ਵਿਭਾਗ ਜੰਮੂ ਯੂਨੀਵਰਸਿਟੀ ਅਤੇ ਆਫੀਸਰ ਇੰਚਾਰਜ ਅਤੇ ਪ੍ਰੋਗਰਾਮ ਐਗਜ਼ੇਕਟਿਵ ਪੰਜਾਬੀ ਤੇ ਸੰਗੀਤ ਵਿਭਾਗ ਰੇਡੀਓ ਜੰਮੂ ਨੇ ਦੋ ਮਹੱਤਵਪੂਰਨ ਪੇਪਰ ਪੜ੍ਹੇ। ਦੋਹਾਂ ਪੇਪਰਾਂ ਤੇ ਭਰਪੂਰ ਬਹਿਸ ਹੋਈ।

ਪੇਪਰ ਸੈਸ਼ਨ ਉਪਰੰਤ ਕਹਾਣੀ ਗੋਸ਼ਟੀ ਵਿਚ ਰਿਆਸਤ ਜੰਮੂ ਕਸ਼ਮੀਰ ਦੇ ਦੋ ਵੱਖ ਵੱਖ ਪੀੜ੍ਹੀਆਂ ਦੇ ਕਹਾਣੀਕਾਰ ਡਾ: ਮੋਹਨਜੀਤ ਅਤੇ ਸਰਵਨ ਸਿੰਘ ਅਭਾਗੀ ਨੇ ਆਪਣੀਆਂ ਨਵੀਆਂ ਕਹਾਣੀਆਂ ਪੜ੍ਹੀਆਂ। ਉਪਰੰਤ ਡਾ: ਬਲਦੇਵ ਰਾਜ ਗੁਪਤਾ ਨੂੰ ਸੰਗਮ ਵਲੋਂ ਸਨਮਾਨਿਤ ਕੀਤਾ ਗਿਆ। ਸ: ਕਿਰਪਾਲ ਸਿੰਘ ਨੇ ਡਾ: ਗੁਪਤਾ ਦੇ ਜੀਵਨ ਸੰਬੰਧੀ ਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦਸਿਆ ਕਿ ਡਾ: ਗੁਪਤਾ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਸਵਾਮੀ ਹਨ। ਭਾਸ਼ਾ ਵਿਗਿਆਨ ਤੇ ਇਹਨਾਂ ਦੀਆਂ ਅੱਠ ਰਚਨਾਵਾਂ ਹਨ। ਅਤੇ ਅਨੇਕ ਭਾਰਤੀ ਭਾਸ਼ਾਵਾਂ ਦੇ ਗਿਆਤਾ, ਕਈ ਵਿਦੇਸ਼ੀ ਭਾਸ਼ਾਵਾਂ ਦੇ ਵੀ ਸਲਾਹਕਾਰ ਹਨ। ਸੰਨ ੧੯੬੪ ਤੋਂ ੭੮ ਤਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੇਵਾ ਕਰਨ ਉਪਰੰਤ ੭੮ ਤੋਂ ਅਜ ਤਕ ਉਹ ਜੰਮੂ ਯੂਨੀਵਰਸਿਟੀ ਵਿਚ ਭਾਸ਼ਾ ਸੰਬੰਧੀ ਯੋਗਦਾਨ ਪਾ ਰਹੇ ਹਨ। ੮੬ ਵਿਚ ਇਹਨਾਂ ਨੂੰ ਜੇ. ਕੇ. ਅਕਾਡਮੀ ਆਫ਼ ਆਰਟ, ਕਲਚਰਲ ਐਂਡ ਲੈਂਗੂਏਜਜ਼ ਵਲੋਂ ਇਹਨਾਂ ਦੀ ਭਾਸ਼ਾ ਸੰਬੰਧੀ ਅੰਗਰੇਜ਼ੀ ਪੁਸਤਕ ਤੇ ਅਕੈਡਮੀ ਵਲੋਂ ੨੦੦੦ ਰੁਪੈ ਦਾ ਪਹਿਲਾ ਇਨਾਮ ਦਿਤਾ ਗਿਆ। ਅਤੇ ਇਕ ਹੋਰ ਪੁਸਤਕ ਤੇ ਕੇਂਦਰ ਵਲੋਂ ੨੫੦੦ ਰੁਪੈ ਦਾ ਇਨਾਮ ਵੀ ਗੁਪਤਾ ਨੇ ਪ੍ਰਾਪਤ ਕੀਤਾ।

ਸੰਗਮ ਦੇ ਆਖਰੀ ਸੈਸ਼ਨ ਵਿਚ ਕਾਵਿ-ਗੋਸ਼ਟੀ ਹੋਈ ਜਿਸ ਵਿਚ ਰਿਆਸਤ ਦੇ ਨਾਮਵਰ ਕਵੀਆਂ ਨੇ ਭਾਗ ਲਿਆ। ਸ: ਹਰਦਿਆਲ ਸਿੰਘ ਰਹਿਬਰ, ਸ੍ਰੀ ਦੇਸ ਰਾਜ ਦਾਨਸ਼, ਸਤ ਪ੍ਰਕਾਸ਼ ਆਨੰਦ, ਸਰਵਨ ਅਭਾਗੀ, ਡਾ: ਮੋਹਨਜੀਤ, ਸੂਰਜ ਸਰਾਫ਼, ਪੀ. ਐਸ. ਸ਼ਰਫ, ਹਰਜੀਤ ਸਿੰਘ ਜ਼ਖਮੀ, ਜਿਤਪਾਲ ਸਿੰਘ ਕਸਾਲੀ, ਸੁਰਜੀਤ ਸਖੀ, ਹ: ਸ: ਜ਼ਾਹਰ, ਆਦਿਕ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਅਖੀਰ ਵਿਚ ਸਤਿਆ ਪ੍ਰਕਾਸ਼ ਅਰੋੜ ਵੰਦ ਆਰਗੇ-ਨਾਈਜ਼ਰ ਨੇ ਸੰਗਮ ਦੀਆਂ ਗਤੀਵਿਧੀਆਂ ਤੇ ਸੰਤੋਸ਼ ਵਿਅਕਤ ਕਰਦਿਆਂ ਜੰਮੂ ਦੀ ਇਸ ਸੰਸਥਾ ਵਾਂਗ ਹੋਰ ਸੰਸਥਾਵਾਂ ਦੇ ਮਹੱਤਵ ਤੇ ਜ਼ੋਰ ਦਿਤਾ।

ਅੰਤ ਵਿਚ ਸੰਗਮ ਦੇ ਸਰਪ੍ਰਸਤ ਸ: ਪ੍ਰਸ਼ਨ ਸਿੰਘ ਸਰਫ ਨੇ ਸੰਗਮ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਸੰਗਮ ਵਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਇਥੇ ਹੀ (ਰਜਿੰਦਰਾ ਪਾਰਕ) ਸ਼ਾਮ ਚਾਰ ਵਜੇ ਸੰਗਮ ਵਲੋਂ ਬੈਠਕ ਕਰਨ ਦੀ ਯੋਜਨਾ ਦੀ ਜਾਣਕਾਰੀ ਦਿਤੀ।



Sri Satguru Jagjit Singh Ji eLibrary NamdhariElibrary@gmail.com

ਬਚਿਆਂ ਵਾਸਤੇ-ਲੋਕ ਕਹਾਣੀ

# ਸ਼ੇਰ ਤੇ ਤਿੰਨ ਬੈਲ

ਇਕ ਜੰਗਲ ਵਿਚ ਤਿੰਨ ਬੈਲ ਰਹਿੰਦੇ ਸਨ। ਉਥੋਂ ਦਾ ਆਜ਼ਾਦ ਵਾਤਾਵਰਨ ਅਤੇ ਖੁਲ੍ਹਾ ਘਾ ਖਾ ਖਾ ਕੇ ਉਹ ਤਿੰਨੇ ਖੂਬ ਮੋਟੇ ਤਾਜ਼ੇ ਸਿਹਤਮੰਦ ਹੋ ਰਹੇ ਸਨ। ਇਕ ਦਿਨ ਇਕ ਲੂਮੜੀ ਨੇ ਉਹਨਾਂ ਨੂੰ ਵੇਖਿਆ ਅਤੇ ਓਹਦੇ ਮੂੰਹ ਵਿਚ ਪਾਣੀ ਆ ਗਿਆ। ਪਰ ਲੂਮੜੀ ਦੇ ਵੱਸ ਦਾ ਇਹ ਰੋਗ ਨਹੀਂ ਸੀ ਕਿ ਉਹਨਾਂ ਬੈਲਾਂ ਦਾ ਸ਼ਿਕਾਰ ਕਰ ਸਕਦੀ। ਲੂਮੜੀ ਦੀ ਮਕਾਰੀ ਤਾਂ ਮਸ਼ਹੂਰ ਹੈ ਇਸ ਵਾਸਤੇ ਉਹ ਆਪਣੇ ਮੰਤਵ ਵਾਸਤੇ ਜੰਗਲ ਦੇ ਰਾਜਾ ਸ਼ੇਰ ਕੋਲ ਪਹੁੰਚੀ। ਉਹਨੇ ਸੋਚਿਆ ਸ਼ੇਰ ਤਾਂ ਸ਼ਿਕਾਰ ਕਰੇਗਾ ਅਤੇ ਬਚਿਆ ਖੁਚਿਆ ਉਹਨੂੰ ਵੀ ਮਿਲ ਜਾਵੇਗਾ। ਉਹਨੇ ਸ਼ੇਰ ਨੂੰ ਝੁਕ ਕੇ ਸਲਾਮ ਕੀਤੀ ਤੇ ਹਲੀਮੀ ਨਾਲ ਕਿਹਾ" ਮਹਾਰਾਜ ਜੀ ਆਪ ਦੇ ਯੋਗ ਇਸ ਬਣ ਵਿਚ ਬਹੁਤ ਵਧੀਆ ਸ਼ਿਕਾਰ ਹੈ ਕ੍ਰਿਪਾ ਕਰਕੇ ਪਧਾਰੋ ਤੇ ਸ਼ਿਕਾਰ ਕਰੋ"।

ਸ਼ੇਰ ਨੇ ਲੂਮੜੀ ਦੀ ਗਲ ਸੁਣ ਕੇ ਅੰਗੜਾਈ ਲਈ ਅਤੇ ਅਲਸਾਈ ਨਜ਼ਰ ਨਾਲ ਕਿਹਾ, ਕਿਥੇ ਹੈ ਸ਼ਿਕਾਰ? ਲੂਮੜੀ ਬੋਲੀ ਇਥੋਂ ਥੋੜੀ ਦੂਰ ਬੜੇ ਮੋਟੇ ਤਾਜ਼ੇ ਤਿੰਨ ਬੈਲ ਹਨ ਜੋ ਆਪਣੇ ਖੁਰਾਂ ਨਾਲ ਧਰਤੀ ਨੂੰ ਪੁਟਦੇ ਹੋਏ ਦਹਾੜ ਰਹੇ ਹਨ।

ਉਹ ਏਸ ਜੰਗਲ ਵਿਚ ਆਪਣਾ ਹੀ ਰਾਜ ਸਥਾਪਤ ਕਰਨ ਦੇ ਜਤਨ ਵਿਚ ਹਨ। ਆਪ ਚਲ ਕੇ ਉਹਨਾਂ ਦਾ ਮਾਨ ਚੂਰ ਕਰੋ ਅਤੇ ਉਹਨਾਂ ਨੂੰ ਦੰਡ ਦਿਓ।

ਸ਼ੇਰ ਨੇ ਜਦੋਂ ਲੂਮੜੀ ਦੀ ਇਸ ਢੰਗ ਦੀ ਗਲ ਸੁਣੀ ਤਾਂ ਉਹਨੂੰ ਬੜਾ ਕ੍ਰੋਧ ਆਇਆ। ਕਹਿਣ ਲਗਾ ਮੇਰੇ ਰਾਜ ਵਿਚ ਉਹ ਕੌਣ ਹੁੰਦੇ ਨੇ ਰੋਅਬ ਪਾਉਣ ਵਾਲੇ? ਗੁੱਸੇ ਦਾ ਭਰਿਆ ਉਹ ਲੂਮੜੀ ਦੇ ਨਾਲ ਚਲ ਪਿਆ।

ਲੂਮੜੀ ਖੁਸ਼ ਸੀ ਹੁਣ ਉਹਨੂੰ ਮਨ ਚਾਹਿਆ ਭੋਜਨ ਮਿਲਣਾ ਸੀ। ਉਹ ਸ਼ੇਰ ਨੂੰ ਲੈਕੇ ਉਸ ਖੇਤਰ ਵਿਚ ਪਹੁੰਚੀ ਜਿਥੇ ਇਹ ਤਿੰਨੇ ਬੈਲ ਨਿਰਵਿਘਨ ਰਹਿ ਰਹੇ ਸਨ। ਲੂਮੜੀ ਨੇ ਉਹਨਾਂ ਤਿੰਨਾ ਬੈਲਾਂ ਨੂੰ ਦੂਰੋਂ ਹੀ ਸ਼ੇਰ ਨੂੰ ਵਿਖਾ ਕੇ ਕਿਹਾ ਕਿ ਇਹ ਬੈਲ ਹਨ ਜਿਹੜੇ ਤੁਹਾਡੇ ਰਾਜ ਤੇ ਅਧਿਕਾਰ ਕਰਨਾ ਚਾਹੁੰਦੇ ਹਨ"। ਇਹ ਸੁਣ ਕੇ ਸ਼ੇਰ ਨੇ ਜ਼ੋਰ ਦਾਰ ਬੜਕ ਮਾਰੀ ਜਿਸ ਨਾਲ ਸਾਰਾ ਜੰਗਲ ਗੂੰਜ ਉਠਿਆ। ਲੂਮੜੀ ਤਾਂ ਗਰਜ ਸੁਣ ਕੇ ਦੁਬਕ ਕੇ ਬੈਠ ਗਈ। ਤਿੰਨਾਂ ਬੈਲਾਂ ਦੇ ਕੰਨ ਵੀ ਖੜੇ ਹੋ ਗਏ। ਉਹ ਪੂਛਾਂ ਉਚੀਆਂ ਕਰਕੇ ਖਤਰੇ ਦਾ ਅਨੁਮਾਨ ਲਗਾਉਣ ਲਗੇ।

ਤਿੰਨ ਬੈਲ ਮੋਰਚਾ ਬੰਦੀ ਕਰਕੇ ਪਿੱਠਾਂ ਜੋੜ ਕੇ ਤਿੰਨਾਂ
ਪਾਸਿਆਂ ਵਲ ਮੂੰਹ ਖੜਾ ਕਰ ਕੇ ਖਲੋ ਗਏ। ਏਧਰ ਸ਼ੇ
ਸਾਵਧਾਨ ਹੋਏ ਉਧਰ ਸ਼ੇਰ ਨੇ ਦਹਾੜਦੇ ਹੋਏ ਨੇ ਛਾਲ ਮਾਰੀ।
ਜਿਓਂ ਹੀ ਉਹਨੇ ਛਾਲ ਮਾਰੀ ਤਾਂ ਸਾਹਮਣੇ ਵਾਲੇ ਬੈਲ ਨੇ
ਆਪਣੇ ਸਿੰਗਾਂ ਤੇ ਚੁਕ ਕੇ ਪਰਾਂ ਦੂਰ ਮਾਰਿਆ। ਸ਼ੇਰ ਨੇ ਜ਼ਖ
ਹੋ ਕੇ ਮੁੜ ਹਮਲਾ ਕੀਤਾ। ਇਸ ਵਾਰ ਦੂਸਰੇ ਬੈਲ ਨੇ ਮੁ
ਸਿੰਗਾਂ ਨਾਲ ਸ਼ੇਰ ਹੋਰ ਜ਼ਖਮੀ ਕਰ ਦਿਤਾ। ਜਦੋਂ ਤੀਜੀ ਵਾ
ਝਪਟਿਆ ਤਾਂ ਤੀਸਰਾ ਬੈਲ ਤਿਆਰ ਸੀ। ਉਹਨੇ ਸਿਰ ਨੀ
ਕਰਕੇ ਸ਼ੇਰ ਨੂੰ ਮੁੜ ਸਿੰਗਾਂ ਤੇ ਚੁਕ ਕੇ ਸਿਰ ਪਰਨੇ ਮਾਰਿਆ
ਸ਼ੇਰ ਬਹਾਦਰ ਬੈਲਾਂ ਤੋਂ ਮਾਰ ਖਾ ਕੇ ਡਰਦਾ ਜਾਨ ਬਚਾਉਂ
ਉਥੋਂ ਦੌੜਿਆ।

ਸ਼ੇਰ ਨੂੰ ਦੌੜਦੇ ਵੇਖ ਕੇ ਲੂਮੜੀ ਵੀ ਪਿਛੇ ਦੌੜੀ। ਬੜ
ਦੂਰ ਜਾ ਕੇ ਸ਼ੇਰ ਰੁਕਿਆ ਤਾਂ ਲੂਮੜੀ ਵੀ ਰੁਕ ਗਈ। ਸ਼ੇ
ਨੇ ਆਪਣੀ ਘਬਰਾਹਟ ਨੂੰ ਛੁਪਾਉਂਦੇ ਹੋਏ ਕਿਹਾ "ਲੂਮੜੀ ਓ
ਸੱਚ ਮੁਚ ਹੀ ਬਲਵਾਨ ਹਨ। ਉਹਨਾਂ ਨੂੰ ਦੰਡ ਤਾਂ ਦੇਣਾ ਹ
ਹੋਵੇਗਾ"। ਲੂਮੜੀ ਬੋਲੀ ਮਹਾਰਾਜ ਮੈਂ ਤਾ ਪਹਿਲਾਂ ਹ
ਅਰਜ਼ ਕੀਤੀ ਹੈ ਕਿ ਇਹ ਆਪਣਾ ਰਾਜ ਇਸ ਜੰਗਲ ਵਿ
ਸਥਾਪਤ ਕਰਨ ਦੀ ਚਿੰਤਾ ਵਿਚ ਹਨ। ਅਤੇ ਜੇ ਹੁਣ ਵ
ਉਹਨਾਂ ਨੂੰ ਕਿਸੇ ਪ੍ਰਕਾਰ ਦਾ ਦੰਡ ਨਾ ਦਿਤਾ ਗਿਆ ਤਾਂ
ਉਹ ਹੋਰ ਹੋਰ ਮਗ਼ਰ ਜਾਣਗੇ ਉਹ ਸਮਝਣਗੇ ਕਿ ਵਣਰਾ
ਸਾਥੋਂ ਡਰਕੇ ਦੌੜ ਗਿਆ। ਸੋ ਮਹਾਰਾਜ ਉਸ ਦਾ ਕੋ
ਉਪਾਅ ਕਰਨਾ ਹੀ ਹੋਵੇਗਾ।

ਸ਼ੇਰ ਨੇ ਕਿਹਾ, "ਤੂੰ ਠੀਕ ਕਹਿੰਦੀ ਹੈਂ। ਉਹਨਾਂ ਨੂੰ
ਸਜ਼ਾ ਮਿਲਣੀ ਹੀ ਚਾਹੀਦੀ ਹੈ। ਪਰ ਮੈਂ ਸਮਝਦਾ ਹਾਂ ਕਿ ਜਦੋ
ਤਕ ਉਹ ਤਿੰਨੇ ਇਕੱਠੇ ਹਨ ਤਦ ਤੱਕ ਉਹਨਾਂ ਨੂੰ ਸਿੱ
ਲੜਾਈ ਵਿਚ ਹਰਾਇਆ ਨਹੀਂ ਜਾ ਸਕਦਾ"

ਲੂਮੜੀ ਨੂੰ ਤਦ ਇਕ ਉਪਾਅ ਸੁੱਝਿਆ। ਉਹਨੇ ਕਿ
ਮਹਾਰਾਜ ਜੇ ਆਗਿਆ ਦੇਵੋ ਤਾਂ ਮੈਂ ਇਕ ਇਕ ਨੂੰ ਅਲੱ
ਕਰਕੇ ਇਥੇ ਲੈ ਆਉਂਦੀ ਹਾਂ। ਤਦ ਤਾਂ ਤੁਸੀਂ ਉਸ
ਆਸਾਨੀ ਨਾਲ ਦੰਡ ਦੇ ਸਕਦੇ ਹੋ। ਸ਼ੇਰ ਨੇ ਕਿਹਾ ਹਾਂ ਇਕ ਇ
ਨਾਲ ਨਿਪਟਣਾ ਆਸਾਨ ਹੈ!

ਲੂਮੜੀ ਆਗਿਆ ਲੈ ਕੇ ਨਮਸਕਾਰ ਕਰਕੇ ਉਥੋਂ ਚਲ
ਗਈ ਅਤੇ ਉਥੇ ਪਹੁੰਚੀ ਜਿਥੇ ਬੈਲ ਆਜ਼ਾਦ ਘੁੰਮ ਰਹੇ ਸਨ
ਲੂਮੜੀ ਇਹ ਆਸ ਲੈਕੇ ਛੁਪ ਕੇ ਬੈਠ ਗਈ ਕਿ ਕਦੋਂ ਕੋਈ

ਵਿਚੋਂ ਇਕ ਵਖਰਾ ਹੋਵੇ ਤੇ ਉਹ ਗਲ ਕਰੇ । ਇਕ ਬੈਲ ਘਾਹ ਚਰਦਾ ਹੋਇਆ ਅਰਾਮ ਨਾਲ ਉਧਰ ਆ ਨਿਕਲਿਆ । ਉਸ ਨੂੰ ਇਕੱਲਿਆਂ ਵੇਖ ਲੂੰਮੜੀ ਸਾਹਮਣੇ ਆਈ ਅਤੇ ਬੜੇ ਆਦਰ ਨਾਲ ਬੋਲੀ "ਮੈਂ ਆਪ ਨੂੰ ਸਾਦਰ ਨਮਸਕਾਰ ਕਰਦੀ ਹਾਂ"। ਬੈਲ ਨੇ ਪੁਛਿਆ ਤੂੰ ਕੌਣ ਹੈਂ ? ਅਤੇ ਮੇਰੇ ਪਾਸ ਕਿਵੇਂ ਆਈ ਹੈਂ । ਲੂੰਮੜੀ ਬੋਲੀ ਮੈਂ ਇਸ ਰਾਜਾ ਦੀ ਵਿਸ਼ੇਸ਼ ਦੂਤ ਹਾਂ । ਮਹਾਰਾਜ ਨੇ ਤੁਹਾਡਾ ਇਸ ਜੰਗਲ ਵਿਚ ਸਵਾਗਤ ਕਰਦੇ ਹੋਏ ਸੰਦੇਸ਼ ਦਿਤਾ ਹੈ ਕਿ ਜੇਕਰ ਤੁਸੀਂ ਉਹਨਾਂ ਦੀ ਸੈਨਾ ਦੀ ਅਗਵਾਈ ਕਰਨੀ ਮਨਜ਼ੂਰ ਕਰ ਸਕੋ ਤਾਂ ਇਸੇ ਸਮੇਂ ਉਹ ਆਪਣਾ ਸੈਨਾਪਤੀ ਚੁਣਨ ਲਈ ਤਿਆਰ ਹਨ । ਬੈਲ ਨੇ ਲੂੰਮੜੀ ਦੀ ਸੁਣ ਕੇ ਕਿਹਾ ਪਰ ਜਿਨਾਂ ਚਿਰ ਮੈਂ ਆਪਣੇ ਦੋਹਾਂ ਸਾਥੀਆਂ ਨਾਲ ਗਲ ਨਾ ਕਰ ਲਵਾਂ ਤਦ ਤਕ ਕਿਵੇਂ ਹਾਂ ਨਾਂ ਕਰ ਸਕਦਾ ਹਾਂ ? ਲੂੰਮੜੀ ਬੋਲੀ ਸ੍ਰੀਮਾਨ । ਸੈਨਾਪਤੀ ਤਾਂ ਇਕ ਹੀ ਹੁੰਦਾ ਹੈ । ਉਹਨਾਂ ਨਾਲ ਤੁਸੀਂ ਇਸ ਬਾਰੇ ਚਰਚਾ ਕਰੋਗੇ ਤਾਂ ਉਹ ਤੁਹਾਡੀ ਉਨਤੀ ਸਹਿਨ ਥੋੜਾ ਹੀ ਕਰਨਗੇ ? ਉਹ ਕਹਿਣਗੇ ਕਿ ਉਹਨਾਂ ਨੂੰ ਸੈਨਾਪਤੀ ਬਣਾਇਆ ਜਾਵੇ । ਫਿਰ ਮਹਾਰਾਜ ਦੀ ਤੁਹਾਡੇ ਤੇ ਹੋਣੀ ਕ੍ਰਿਪਾ ਏਵੇਂ ਹੀ ਨਸ਼ਟ ਹੋ ਜਾਵੇਗੀ । ਸੋ ਜੇ ਇਹ ਪ੍ਰਸਤਾਵ ਆਪ ਨੂੰ ਮਨਜ਼ੂਰ ਹੋਵੇ ਤਾਂ ਹੁਣੇ ਮੇਰੇ ਨਾਲ ਚਲੋ । ਵਣ-ਰਾਜ ਤੁਹਾਡੀ ਉਡੀਕ ਵਿਚ ਹਨ ।

ਲੂੰਮੜੀ ਦੀ ਗਲ ਸੁਣ ਕੇ ਉਸ ਬੈਲ ਨੇ ਵੀ ਸੋਚਿਆ ਕਿ ਮੇਰੀ ਉਨਤੀ ਵੇਖ ਕੇ ਦੋਹਾਂ ਸਾਥੀਆਂ ਨੂੰ ਈਰਖਾ ਹੋਣੀ ਸੁਭਾਵਕ ਹੈ । ਜਦੋਂ ਮੈਂ ਪਦਵੀ ਲੈ ਲਵਾਂਗਾ ਤਾਂ ਦੂਸਰਿਆਂ ਨੂੰ ਵੀ ਚੰਗੇ ਅਹੁਦੇ ਦੇ ਦਿਆਂਗਾ । ਇਸ ਵਾਸਤੇ ਇਹ ਮੌਕਾ ਨਹੀਂ ਗਵਾਣਾ ਚਾਹੀਦਾ । ਏਧਰ ਉਧਰ ਵੇਖ ਕੇ ਸਾਥੀਆਂ ਦੀ ਨਜ਼ਰ ਬਚਾ ਕੇ ਉਹ ਲੂੰਮੜੀ ਦੇ ਨਾਲ ਚਲ ਪਿਆ ।

ਸ਼ੇਰ ਤਾਂ ਉਡੀਕ ਕਰ ਰਿਹਾ ਸੀ । ਲੂੰਮੜੀ ਦੇ ਨਾਲ ਬੈਲ ਆਉਂਦਾ ਵੇਖ ਕੇ ਮਨ ਵਿਚ ਬਹੁਤ ਪਰਸੰਨ ਹੋਇਆ ਪਰ ਉਸਦੇ ਬਲਵਾਨ ਸਰੀਰ ਅਤੇ ਤਿਖੇ ਲੰਮੇ ਸਿੰਗਾਂ ਨੂੰ ਵੇਖ ਕੇ ਬਹੁਤ ਘਬਰਾਇਆ ਪਰ ਉਹ ਆਸਣ ਜਮਾ ਕੇ ਆਪਣੀ ਥਾਂ ਤੇ ਬੈਠਾ ਰਿਹਾ । ਉਹਨੇ ਕਿਸੇ ਤਰ੍ਹਾਂ ਦਾ ਭਾਵ ਆਪਣੇ ਚਿਹਰੇ ਤੇ ਪਰਗਟ ਨਹੀਂ ਹੋਣ ਦਿਤਾ । ਲੂੰਮੜੀ ਬੈਲ ਨੂੰ ਸੰਗ ਕਲ ਲਿਆ ਕੇ ਬੋਲੀ, ਸੈਨਾਪਤੀ ਜੀ ਮਹਾਰਾਜ ਨੂੰ ਸਿਰ ਝੁਕਾ ਕੇ ਪ੍ਰਣਾਮ ਕਰੋ ਤਾ ਕਿ ਉਹ ਸੰਤੁਸ਼ਟ ਹੋਣ" । ਬੈਲ ਨੇ ਲੂੰਮੜੀ ਦੀ ਗਲ ਸੁਣ ਕੇ, ਸਿਰ ਝੁਕਾ ਕੇ ਸ਼ੇਰ ਦੇ ਸਾਹਮਣੇ ਜਾ ਨਿਮਰਤਾ ਸਹਿਤ ਪ੍ਰਣਾਮ ਕੀਤਾ । ਮੌਕਾ ਵੇਖ ਕੇ ਲੂੰਮੜੀ ਨੇ ਸ਼ੇਰ ਨੂੰ ਸੰਕੇਤ ਕੀਤਾ । ਸ਼ੇਰ ਨੇ ਇਸ਼ਾਰਾ ਸਮਝ ਕੇ ਪ੍ਰਣਾਮ ਕਰ ਰਹੇ ਬੈਲ ਤੇ ਭਰਪੂਰ ਝਪਟਾ ਮਾਰਿਆ । ਬੈਲ ਇਸ ਲੁਕਵੇਂ ਹਮਲੇ ਨਾਲ ਲੜਖੜਾ ਗਿਆ ਅਤੇ ਜ਼ਖਮੀ ਹੋ ਕੇ ਜ਼ਮੀਨ ਤੇ ਡਿੱਗ ਪਿਆ । ਉਹਨੇ ਡਿਗਦਿਆਂ ਹੀ ਪ੍ਰਾਣ ਤਿਆਗ ਦਿਤੇ ।

ਦੂਸਰੀ ਵਾਰ ਲੂੰਮੜੀ ਦੂਸਰੇ ਬੈਲ ਨੂੰ ਸੈਨਾਪਤੀ ਦਾ ਲੋਭ ਦੇ ਕੇ ਨਾਲ ਲਿਆਈ ਅਤੇ ਉਸ ਦਾ ਵੀ ਓਹੀ ਅੰਤ ਹੋਇਆ । ਤੀਸਰਾ ਬੈਲ ਤਾਂ ਇਕੱਲਾ ਰਹਿ ਗਿਆ ਉਸਦਾ ਸ਼ਿਕਾਰ ਕਰਨਾ ਤਾਂ ਆਸਾਨ ਕੰਮ ਸੀ । ਇਸ ਤਰ੍ਹਾਂ ਆਪਸੀ ਫੁੱਟ ਅਤੇ ਲਾਲਚ ਕਰਕੇ ਉਹ ਤਿੰਨੇ ਮਾਰੇ ਗਏ ।

ਇਸ ਲੋਕ ਕਥਾ ਦਾ ਉਦੇਸ਼ ਸਪੱਸ਼ਟ ਹੈ । ਏਕਤਾ ਵਿਚ ਸ਼ਕਤੀ ਹੈ । ਜਿਥੇ ਵੀ ਕਿਸੇ ਕਾਰਣ ਏਕਤਾ ਭੰਗ ਹੋਈ ਕਿ ਸਭ ਦਾ ਨਾਸ ਇਕੋ ਵੇਲੇ ਹੁੰਦਾ ਹੈ । ਏਕਤਾ ਤੋਂ ਵਡੇ ਵਡੇ ਰਾਜ ਡਰਦੇ ਹਨ । ਜ਼ਾਲਮ ਤੋਂ ਜ਼ਾਲਮ ਹਾਕਮ ਡਰਦੇ ਹਨ । ਉਹ ਆਪਣਾ ਰਾਜ ਕਾਇਮ ਰਖਣ ਵਾਸਤੇ ਫੁਟ ਦੇ ਸ਼ਸਤਰ ਦਾ ਪ੍ਰਯੋਗ ਕਰਦੇ ਹਨ । (ਧਾ)


# HIND HYDRAULIC INDUSTRIS

*Manufacturers of :*

HYDRAULIC PRESSES FOR RUBBER INDUSTRIES, STREIGHTENING; BENDING, DEEP DRAWING, CLUTCH FACING & BRAKE-LININGS.

*Specialists in :*

**DEEP DRAWING HYDRAULIC PRESS FOR PRESSURE COOKER**

Opp Dass Hitachi,

Industrial Area, Rajinder Nagar, P.O. Mohan Nagar, Ghaziabad.




Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਪਰਚਾ ਜਨਵਰੀ-ਮਾਰਚ ਅੰਕ ਮਿਲਿਆ ਹੈ। ਕੁਝ ਗੱਲਾਂ ਬਹੁਤ ਹੀ ਰੌਚਕ ਲਗੀਆਂ—ਖਾਸਕਰ ਜੰਮੂ ਦੀ ਨਾਮਧਾਰੀ ਕਲੱਬ ਬਾਰੇ ਪੜ੍ਹਕੇ। ਇਸ ਕਲੱਬ ਨੂੰ ਹਾਕੀ ਦੀ ਖੇਡ ਵਲ ਬਹੁਤ ਧਿਆਨ ਦੇਣਾ ਚਾਹੀਦਾ ਹੈ।

ਅਮਰੀਕ ਸਿੰਘ
ਅਕੈਡਮੀ ਆਫ਼ ਆਰਟ ਕਲਚਰ
ਐਂਡ ਲੈਂਗਏਜਿਜ਼ ਜੰਮੂ

ਦਸੰਬਰ ਵਿਚ ਡਾ: ਰੌਸ਼ਨ ਲਾਲ ਅਹੂਜਾ ਦਾ ਲਿਖਿਆ ਵੈਂਕਟਾਖੀ ਫਾਰਮ ਬਹੁਤ ਵਧੀਆ ਖਿਆਲ ਹੈ ਬੜਾ ਸੋਹਣਾ ਲਿਖਿਆ ਹੈ ਪਰ ਵੈਂਕਟਾਈ ਦੇ ਇਹੋ ਜਿਹੇ ਫਾਰਮ ਬੀਜਣ ਵਾਲਿਆਂ ਨੂੰ ਸਮਝਾਵੇ ਕੌਣ।

ਮਈ ਦਾ ਆਪ ਜੀ ਦਾ ਸੰਪਾਦਕੀ 'ਦੋ ਮੁਖ ਹੋਏ ਰਾਮ ਤੋਂ' ਪੜ੍ਹਿਆ। ਮਨ ਖੁਸ਼ ਹੋਇਆ ਕਿ ਜਗਦੀਸ਼ ਸਿੰਘ ਏਨੀ ਦਲੇਰੀ ਨਾਲ ਲਿਖ ਸਕਦਾ ਏ। ਤੁਸੀਂ ਜੁਰਅਤ ਨਾਲ ਲਿਖਦੇ ਰਹੋ।

ਸੰਤ ਦਰਸ਼ਨ ਸਿੰਘ ਹਜ਼ੂਰੀ ਰਾਗੀ ਜੀ ਦੇ ਅਕਾਲ ਚਲਾਣਾ ਕਰਨ ਦਾ ਸਾਨੂੰ ਬਹੁਤ ਅਫ਼ਸੋਸ ਹੈ ਸਾਡੇ ਵਲੋਂ ਉਹਨਾਂ ਦੇ ਪਰਿਵਾਰ ਨੂੰ ਅਫ਼ਸੋਸ ਕਹਿ ਦੇਣ।

ਅਮਰੀਕ ਸਿੰਘ, ਨਾਨਕ ਨਗਰ, ਜੰਮੂ

ਤੁਹਾਡੇ ਦਰਸ਼ਨ ਵਰਿਆਮ ਰਾਹੀਂ ਹੋਏ ਅਤੇ ਸੁੰਦਰ ਗੁਲੇਖਾਂ ਵਿਚੋਂ ਵੀ ਉਸ ਅਕਾਲ ਦੀ ਝਲਕ ਮਿਲਦੀ ਸੀ ਜਿਸਨੇ ਬੜੇ ਬੜੇ ਦਾਅਵੇਦਾਰਾਂ ਨੂੰ ਝੁਕਿਆਂ ਪੈਣ ਲਈ ਮਜਬੂਰ ਕਰ ਦਿਤਾ ਸੀ।

ਤਾਂ ਵੀ ਤੁਸੀਂ ਜਗਤੇ ਹੋ ਅਤੇ ਹੁਣ ਤਾਂ ਇਹ ਜਗਦੀਸ਼ ਦੀ 'ਵਰਿਆਮਤਾਈ' ਦਾ ਚਿੰਨ ਸਰੂਪ ਹੈ। ਅਸਾਂ ਵੀ ਟੇਕ ਵਰਿਆਮ ਤੇ ਹੀ ਰਖੀ ਹੋਈ ਹੈ, ਇਸ ਨਾਲ ਹੀ ਜਿਉਣਾ ਮਰਨਾ ਹੈ।

ਪ੍ਰੀਤਮ ਸਿੰਘ ਕਵੀ
ਨਵੀਂ ਦਿੱਲੀ

## ਇਕ ਅਸਹਿ ਵਿਛੋੜਾ

ਵਿਛੋੜਾ ਸੁਣੇ ਡੁਖ ਵਿਣੁ ਡਿਠੇ ਮਰਿਓਦਿ
ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੇਦਿ।

ਸਾਡੇ ਪਰਮ ਪਿਆਰੇ ਸਜਣ ਸੰਤ ਦਰਸ਼ਨ ਸਿੰਘ ਜੀ ਕੀਰਤਨ ਰਸੀਏ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ ਜਿਨ੍ਹਾਂ ਦਾ ਕੀਰਤਨ ਸੁਣ ਕੇ ਅਸੀਂ ਗਦਗਦ ਹੋ ਜਾਂਦੇ ਸਾਂ ਜਿਨ੍ਹਾਂ ਦੀਆਂ ਤਰਤਾਲਾਂ ਸਾਡੇ ਦਿਲਾਂ ਅੰਦਰ ਗੂੰਜ ਪਾਂਦੀਆਂ ਰਹਿਣਗੀਆਂ ਸਾਨੂੰ ਨਹੀਂ ਭੁਲਣੀਆਂ ਜਿਹੜੀਆਂ ਉਹਨਾਂ ਨੇ ਬੜੀ ਮਿਹਨਤ ਨਾਲ ਭਾਈ ਤਾਬੇ ਕਰਕੇ ਸੁਲਝੇ ਰਬਾਬੀਆਂ ਪਾਸੋਂ ਪ੍ਰਾਪਤ ਕੀਤੀਆਂ ਸਨ ਹੁਣ ਸਾਨੂੰ ਕਿਸੇ ਨਹੀਂ ਸੁਣਾਉਣੀਆਂ। ਉਹਨਾਂ ਦੀ ਯਾਦ ਸਾਨੂੰ ਕਦੇ ਨਹੀਂ ਭੁਲਣੀ। ਵਿਛੋੜਾ ਮਹਿਸੂਸ ਕਰਦੇ ਇਕ ਆਹ ਜੋ ਮੇਰੇ ਹਿਰਦੇ ਅੰਦਰੋਂ ਨਿਕਲੀ—

ਸਜਣ ਮੇਰੇ ਰੰਗੁਲੇ ਲੋਕੋ ਚਲੇ ਗਏ ਪ੍ਰਦੇਸ
ਜਾ ਪੁਜੇ ਉਹ ਉਸ ਟਿਕਾਣੇ ਜਿਥੋਂ ਭੇਜੇ ਨਾ ਕੋਈ ਸੰਦੇਸ਼
ਜਾਂਦੀ ਵਾਰੀ ਮੀਤ ਪਿਆਰੇ 'ਇਕ ਵਾਰ ਮਿਲ ਜਾਂਦੇ'
ਤੇਰ ਕਹਿੰਦਿਆਂ ਉਹ ਤਾਂਘ ਅਸਾਡੀ
ਜਿਹੜੀ ਬਣੀ ਰਹੀ ਹਮੇਸ਼।
ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ
ਜਿਤ ਤਨ ਬ੍ਰਿਹੁ ਨ ਉਪਜੈ ਸੋ ਤਨ ਜਾਣ ਮਸਾਣ॥

ਦੁਖ ਵਿਛੋੜਾ ਇਕ ਦੁਖ ਭੁਖ ਇਕ ਦੁਖ ਸਕਤਿਵਾਰ ਜਮਦੂਤ—ਗੁਰਮੁਖਾਂ ਨੂੰ ਜਮਦੂਤਾਂ ਦਾ ਡਰ ਨਹੀਂ ਉਹਨਾਂ ਦਾ ਦਰਗਾਹ ਵਿਚ ਆਦਰ ਹੁੰਦਾ ਹੈ। 'ਜੋ ਤੇ ਦਰਗਾਹ ਕਹੇ ਨ ਕੋਊ। ਆਓ ਬੈਠ ਆਦਰ ਸਭ ਦੇਉ—

ਸੰਤ ਜੀ ਸੁਰਗਵਾਸ ਹੋਣ ਦਾ ਸਾਨੂੰ ੧੯ ਜੁਲਾਈ ਨੂੰ ਵਰਿਆਮ ਅਡੀਟਰ ਪਿਆਰੇ ਜਗਦੀਸ਼ ਸਿੰਘ ਜੀ ਪਾਸੋਂ ਪਤਾ ਪਤਾ ਲਗਾ ਕਿ ਉਹ ਤਾਂ ੨੧ ਜੂਨ ਨੂੰ ਸਚਖੰਡ ਜਾ ਬਿਰਾਜੇ ਹਨ ਸੋ ਉਹਨਾਂ ਦੇ ਸਪੁਤਰ ਜਿਨ੍ਹਾਂ ਨੂੰ ਹਜ਼ੂਰੀ ਰਾਗੀ ਹੋਣ ਦਾ ਮਾਣ ਪ੍ਰਾਪਤ ਹੈ ਆਪਣੇ ਥਾਂ ਅਸਥਾਪਕ ਕਰ ਗਏ ਹਨ। ਬਰਖੁਰਦਾਰ ਹਰਬੰਸ ਸਿੰਘ ਤੇ ਉਹਨਾਂ ਦੇ ਬਾਕੀ ਭ੍ਰਾਤਾ ਤੇ ਉਹਨਾਂ ਦੇ ਮਾਤਾ ਜੀ ਨਾਲ ਅਸੀਂ ਦਿਲੋਂ ਹਮਦਰਦੀ ਜ਼ਾਹਰ ਕਰਦੇ ਹੋਏ ਗੁਰੂ ਦਾ ਭਾਣਾ ਮੰਨਣ ਦੀ ਪ੍ਰੇਰਨਾ ਕਰਦੇ ਹਾਂ। ਅਸੀਂ ਗੁਰਮੁਖ ਪਿਆਰੇ, ਸੰਤ ਖਜਾਨ ਸਿੰਘ ਜੀ ਜੋ ਸੰਤਾਂ ਦੇ ਛੋਟੇ ਵੀਰ ਅਤੇ ਉਮਰ ਭਰ ਜੋੜੀਦਾਰ ਰਹੇ ਉਹਨਾਂ ਨਾਲ ਵੀ ਅਫ਼ਸੋਸ ਪ੍ਰਗਟ ਕਰਦੇ ਹਾਂ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।
ਜਿਸ ਠਾਕੁਰ ਸਿਉ ਨਾਹੀ ਚਾਰਾ ਤਾ ਕਉ ਕੀਜੈ ਸਦ ਨਮਸਕਾਰ।

ਸਾਡੀ ਅਰਦਾਸ ਹੈ ਕਿ ਸ੍ਰੀ ਗੁਰੂ ਜੀ ਵਿਛੜੇ ਦੀ ਆਤਮਾ ਨੂੰ ਆਪਣੇ ਵਿਚ ਲੀਨ ਕਰਨਾ।

ਸੰਤ ਦਰਸ਼ਨ ਸਿੰਘ, ਸੰਤ ਬਖਸ਼ੀਸ਼ ਸਿੰਘ
ਡੇਰਾ ਨਿਰਮਲ ਕੁਟੀਆ ਅਰਜਨ ਨਗਰ ਜਲੰਧਰ



Sri Satguru Jagjit Singh Ji eLibrary NamdhariElibrary@gmail.com

ਸਮਕਾਲੀ ਪਤ੍ਰਾਂ ਵਿਚੋਂ

# ਘਰਿ ਘਰਿ ਅੰਦਰ ਧਰਮਸਾਲ

**—ਇਕ ਅਹਿਮ ਵਿਚਾਰ**

'ਸਾ ਧਰਤਿ ਭਈ ਹਰੀਆਵਲੀ, ਜਿਥੈ ਮੇਰਾ ਸਤਿਗੁਰੁ ਬੈਠਾ ਆਇ'-ਉਹ ਕਣ ਕਣ ਮਹਾਨ ਹੈ, ਜਿਥੇ ਸੱਚੇ ਸਾਹਿਬਾਂ ਦੇ ਪਾਵਨ ਚਰਨ ਪਏ । ਇਨ੍ਹਾਂ ਇਤਿਹਾਸਕ ਥਾਵਾਂ ਉੱਤੇ ਆਲੀਸ਼ਾਨ ਗੁਰਦੁਆਰਾ ਸਾਹਿਬਾਨ ਉਸਾਰਨੇ ਅਤਿ ਆਵੱਸ਼ਕ ਹਨ, ਇਤਿਹਾਸਕ ਸਿਮ੍ਰਿਤੀਆਂ ਨੂੰ ਆਣ ਵਾਲੀਆਂ ਪੀੜ੍ਹੀਆਂ ਲਈ ਚਿਹਨ-ਨਸ਼ੀਨ ਕਰਦੇ ਰਹਿਣ ਲਈ ਇਸੇ ਪ੍ਰਕਾਰ ਕਿਸੇ ਨਗਰ ਦੀ ਸੰਗਤ ਵਲੋਂ ਸਤਿਸੰਗਤ ਦੇ ਰੂਪ ਵਿਚ ਹਰੀ ਜੱਸ ਕਰਨ ਲਈ ਜੁੜ ਬੈਠਣਾ ਅਤੇ ਹੌਲੇ ਹੌਲੇ ਇਸ ਸਮਾਗਮ ਅਸਥਾਨ ਨੂੰ ਗੁਰਦੁਆਰੇ ਦੀ ਸੰਗਿਆ ਦੇ ਦੇਣਾ ਅਤੇ ਸੁਹਣੇ ਦੀਵਾਨ ਅਸਥਾਨ ਕਾਇਮ ਕਰ ਲੈਣਾ ਵੀ ਇਕ ਪ੍ਰਸੰਸਾਮਈ ਕਾਰਜ ਹੈ । ਪ੍ਰੰਤੂ ਭਾਈ ਗੁਰਦਾਸ ਜੀ ਦੀ ਤੁਕ 'ਘਰਿ ਘਰਿ ਅੰਦਰਿ ਧਰਮਸਾਲ' ਦਾ ਸਹਾਰਾ ਲੈ ਕੇ ਹਰ ਗਲੀ ਮਹੱਲੇ ਵਿਚ ਗੁਰਦੁਆਰੇ ਉਸਾਰਦੇ ਚਲੇ ਜਾਣਾ ਅਤੇ ਇਨ੍ਹਾਂ ਨੂੰ ਸੋਨੇ ਤੇ ਸੰਗਮਰਮਰ ਨਾਲ ਮੜ੍ਹੀ ਜਾਣਾ - ਨਾ ਤਾਂ ਸਿੱਖੀ ਦੀ ਸੇਵਾ ਕਹੀ ਜਾ ਸਕਦੀ ਹੈ ਅਤੇ ਨਾ ਹੀ ਸਮਾਜ ਦੀ ਵੀ ।

ਸਥਾਨਕ ਗੁਰਦੁਆਰੇ ਉਥੇ ਹੀ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਜਿਥੇ ਕਿ ਇਨ੍ਹਾਂ ਦੀ ਬਹੁਤ ਅਧਿਕ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੋਵੇ, ਵਰਨਾ ਇਕ ਹੀ ਮਹੱਲੇ ਵਿਚ ਵੱਖ ਵੱਖ ਜ਼ਾਤਾਂ ਤੇ ਬਿਰਾਦਰੀਆਂ ਦੇ ਗੁਰਦੁਆਰੇ, ਜੋ ਪ੍ਰਚਾਰ ਨੂੰ ਮੁੱਖ ਰੱਖ ਕੇ ਨਹੀਂ ਬਲਕਿ ਆਪਣੀ ਹਉਮੈਂ ਨੂੰ ਪੱਠੇ ਪਾਣ ਲਈ ਬਣਾਏ ਜਾਂਦੇ ਹਨ, ਬਿਲਕੁਲ ਸੋਭਾ ਨਹੀਂ ਦਿੰਦੇ । ਇਕੋ ਸ਼ਹਿਰ ਵਿਚ ਰਾਮਗੜ੍ਹੀਆ ਗੁਰਦੁਆਰਾ ਹੈ ਤਾਂ ਇਸ ਤੋਂ ਕੁਝ ਹੀ ਵਿੱਥ ਉਤੇ ਗੁਰਦੁਆਰਾ ਆਹਲੂਵਾਲੀਆ । ਕੁਝ ਹੀ ਹੋਰ ਦੂਰੀ ਉਤੇ ਰਵਿਦਾਸੀਆਂ, ਭਾਟੜਿਆਂ, ਜੱਟਾਂ ਤੇ ਲੁਬਾਣਿਆਂ ਦੇ ਗੁਰਦੁਆਰੇ ਵੀ ਸਹਿਜੇ ਹੀ ਮਿਲ ਜਾਣਗੇ । ਪੰਜਾਹੀਆਂ ਦਾ ਗੁਰਦੁਆਰਾ ਵੱਖਰਾ ਹੈ ਤੇ ਗੁਜਰਾਤੀਆਂ ਦਾ ਵੱਖਰਾ । ਇਸ ਤੋਂ ਬਿਨਾਂ ਕਿਸੇ ਗੁਰੂ ਸਾਹਿਬ ਦੀ ਪਵਿੱਤਰ ਯਾਦ ਵਿਚ ਸਬੰਧਤ ਇਤਿਹਾਸਕ ਗੁਰਦੁਆਰਾ ਵੀ ਇਸ ਨਗਰੀ ਵਿਚ ਸ਼ਾਇਦ ਹੋਵੇਗਾ ਅਤੇ ਸਿੰਘ ਸਭਾ ਗੁਰਦੁਆਰਾ ਤੇ ਨਵੀਨ ਸਿੰਘ ਸਭਾ ਗੁਰਦੁਆਰਾ ਵੀ ਸ਼ਹਿਰ ਦੀ ਸ਼ਾਨ ਨੂੰ ਦੁਬਾਲਾ ਕਰ ਰਿਹਾ ਹੋਵੇਗਾ ।

ਅਫਰੀਕਾ ਤੇ ਇੰਗਲੈਂਡ ਦੇ ਕਈ ਸ਼ਹਿਰਾਂ ਵਿਚ ਵੀ ਵੱਖ ਵੱਖ ਸੂਬਿਆਂ ਤੇ ਇਲਾਕਿਆਂ ਨਾਲ ਸਬੰਧਤ ਗੁਰਦੁਆਰੇ ਮਿਲਦੇ ਹਨ । ਜੇਕਰ ਕੋਈ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਹੈ ਤਾਂ ਉਹ ਵਧੂ ਜ਼ਿਆਦਾ ਰਾਮਗੜ੍ਹੀਆ ਗੁਰਦੁਆਰੇ ਹੀ ਜਾਵੇਗਾ, ਸਿੰਘ ਸਭਾ ਗੁਰਦੁਆਰੇ ਬਿਲਕੁਲ ਨਹੀਂ ਭਾਵੇਂ ਉਥੇ ਕਿਤਨੇ ਵੀ ਗੁਣਵਾਨ ਰਾਗੀ, ਢਾਡੀ ਜਾਂ ਪ੍ਰਚਾਰਕ ਕਿਉਂ ਨਾ ਆਏ ਹੋਣ । ਮਲਾਇਆ ਦੇ ਪ੍ਰਮੁਖ ਸ਼ਹਿਰਾਂ ਵਿਚ ਮਝੈਲਾਂ ਦੇ ਗੁਰਦੁਆਰੇ ਵੱਖਰੇ ਹਨ ਤੇ ਮਲਵਈਆਂ ਦੇ ਵੱਖਰੇ । ਕੋਈ ਵੀ ਇਕ ਧਿਰ ਦਾ ਦੂਜੀ ਧਿਰ ਵਾਲਿਆਂ ਦੇ ਗੁਰਦੁਆਰੇ ਵਿਚ ਨਹੀਂ ਜਾਂਦਾ । ਕਨੇਡਾ ਵਿਚ ਸਾਬਤ ਸੂਰਤ ਸਿੰਘਾਂ ਦਾ ਗੁਰਦੁਆਰਾ ਵੱਖਰਾ ਹੈ ਅਤੇ ਸਿੱਖੀ ਤੋਂ ਪਤਿਤ ਹੋਏ ਮੋਨਿਆਂ ਦਾ ਗੁਰਦੁਆਰਾ ਵੱਖਰਾ । ਹੁਣ ਹਿਸਾਬ ਲਾ ਲਵੋ ਕਿ ਇਹ ਗੁਰਦੁਆਰੇ ਪ੍ਰਧਾਨਗੀ ਤੇ ਸਕੱਤਰੀ ਪਦ ਸੰਭਾਲਣ ਲਈ ਬਣੇ ਹਨ ਕਿ ਧਰਮ ਪ੍ਰਚਾਰ ਦੀ ਲੋੜ ਨੂੰ ਮੁੱਖ ਰੱਖਦੇ ਹੋਏ । ਇਕ ਸ਼ਖ਼ਸ ਨੂੰ ਕਿਸੇ ਗੁਰਦੁਆਰੇ ਦੀ ਪ੍ਰਧਾਨਗੀ ਨਹੀਂ ਮਿਲਦੀ ਤਾਂ ਉਹ ਸਿਰਫ ਪ੍ਰਧਾਨ ਬਣਨ ਲਈ ਆਪਣੀ ਬੇਹਿਸਾਬ ਮਾਇਆ ਜਾਂ ਤਾਕਤ ਦੇ ਬਲਬੂਤੇ ਰਾਤੋਂ ਰਾਤ ਦੂਸਰਾ ਗੁਰਦੁਆਰਾ ਸਿਰਜ ਦਿੰਦਾ ਹੈ ।

ਉਹ ਗੁਰਦੁਆਰਾ ਜਿਥੇ ਫਰਸ਼ ਤਾਂ ਭਾਵੇਂ ਚਿਪਸ ਜਾਂ ਸੰਗਮਰਮਰ ਦੇ ਹਨ, ਗੁਰੂ ਮਹਾਰਾਜ ਦੀ ਪਾਲਕੀ ਚਾਂਦੀ ਭਾਵੇਂ ਸੋਨੇ ਦੀ ਹੈ, ਬਿਲਡਿੰਗ ਦੁਮੰਜ਼ਲੀ ਜਾਂ ਵਧੇਰੇ ਮੰਜ਼ਲੀ ਹੈ-ਸਭ ਕਿਸੇ ਅਰਥ ਨਹੀਂ ਜੇਕਰ ਉਥੋਂ ਹੋਣ ਵਾਲਾ ਗੁਰਮਤਿ ਪ੍ਰਚਾਰ ਜ਼ੀਰੋ ਹੈ । ਫਰਸ਼ ਸਾਦਾ ਪਾਲਕੀ ਲੱਕੜ ਦੀ ਅਤੇ ਛੱਤ ਕਾਨਿਆਂ ਦੀ ਅਤੇ ਟੀਨ ਦੀ ਨਾਲ ਵੀ ਕੰਮ ਚੱਲ ਸਕਦਾ ਹੈ । ਧਰਮ ਪ੍ਰਚਾਰ ਇਮਾਰਤਾਂ ਨੇ ਨਹੀਂ ਬਲਕਿ ਸ਼ਬਦ ਦੀ ਵਿਚਾਰ ਨੂੰ ਸਮਝਣ ਅਤੇ ਕਮਾਣ ਵਾਲੇ ਉਪਦੇਸ਼ਕਾਂ ਤੇ ਗਿਆਨੀਆਂ ਨੇ ਕਰਨਾ ਹੈ ।

ਸ਼ਹਿਰ ਸ਼ਹਿਰ ਤੇ ਨਗਰ ਨਗਰ ਵਿਚ ਸਤਿਸੰਗਤ ਕਰਨ ਲਈ ਕੇਂਦਰੀ ਗੁਰਦੁਆਰੇ ਹੋਣ, ਕੌਣ ਨਹੀਂ ਚਾਹੁੰਦਾ ? ਅਤੇ ਸਾਡੇ ਇਹ ਗੁਰਦੁਆਰਾ ਸਾਹਿਬਾਨ ਬਹੁ-ਮੰਜ਼ਲੇ, ਆਲੀਸ਼ਾਨ ਤੇ



Sri Satguru Jagjit Singh Ji eLibrary NamdhariElibrary@gmail.com

ਇਲਕਾਬ ਹੋਰ - ਕੋਈ ਨਹੀਂ ਚਾਹੁੰਦਾ ? ਪ੍ਰੰਤੂ ਇਨ੍ਹਾਂ ਗੁਰਦੁਆਰਾ ਸਾਹਿਬਾਂ ਦੇ ਗਗਨ-ਚੁੰਭੀ ਗੁੰਬਦਾਂ ਵਿਚੋਂ ਇਲਾਹੀ ਗੁਰਬਾਣੀ ਦੇ ਗਾਇਨ ਦੀਆਂ ਗੂੰਜਾਂ ਪੈਣ ਦੀ ਥਾਂ ਕਬੂਤਰਾਂ ਦੀ ਗੁਟਰ-ਗੂੰ ਗੁਟਰ-ਗੂੰ ਦੇ ਅਵਾਜ਼ੇ ਦਿਲੋਂ ਦਿਮਾਗ ਨੂੰ ਤਾਜ਼ਗ ਨਹੀਂ ਬਲਕਿ ਕੜਵਾਹਟ ਪ੍ਰਦਾਨ ਕਰਨਗੇ । ਸੋ, ਦੇਸ ਪ੍ਰਦੇਸ ਦੀਆਂ ਸਿੱਖ ਸੰਗਤਾਂ ਵਲੋਂ ਇਸ ਪੱਖ ਨੂੰ ਗੰਭੀਰਤਾ, ਠਰੰਮੇ ਅਤੇ ਧੀਰਜ ਨਾਲ ਵਿਚਾਰਨ ਦੀ ਲੋੜ ਹੈ । ਸਾਡਾ ਸਭ ਦਾ ਧਿਆਨ ਰਹੇ ਕਿ ਗੁਰਦੁਆਰਿਆਂ ਦੇ ਗੁਣਾਤਮਕ ਪਹਿਲੂ ਦੀ ਥਾਂ ਹਮੇਸ਼ਾਂ ਗੁਣਾਤਮਕ ਪਹਿਲੂ ਨੂੰ ਹੀ ਵਧੇਰੇ ਤਰਜੀਹ ਅਤੇ ਅਹਿਮੀਅਤ ਦਿੱਤੀ ਜਾਵੇ ।

—ਨਿਰਵੈਰ ਸਿੰਘ 'ਅਰਸ਼ੀ'

('ਸੱਚ ਖੰਡ ਪੱਤਰ' ਨੰਦੇੜ ਤੋਂ ਧਨਵਾਦ ਸਹਿਤ ਲਿਆ ਗਿਆ ਸੰਪਾਦਕੀ- ਲੇਖ) (ਧਾ)

ਸ਼ੁਭ ਕਾਮਨਾਵਾਂ

## ਖੁਰਾਣਾ ਸਿਲਕ ਇੰਡਸਟ੍ਰੀਜ਼

ਪ੍ਰੋ: ਸ: ਨਰਿੰਦਰ ਸਿੰਘ ਖੁਰਾਣਾ

੪੩੯ ਕਾਲਬਾ ਦੇਵੀ ਰੋਡ

ਬੰਬਈ—੪੦੦੦੦੨

REPUTED MANUFACTURER OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

**Grams : SNIPER** **Phone : 3803**

# MODERN GUN WORKS

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖ਼ਬਰੀ

ਵਧੀਆ, ਡਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫ਼ਰਨੀਚਰ ਲਈ ਪਧਾਰੋ ਜਾਂ ਲਿਖੋ ।

**ਨਾਮਧਾਰੀ ਏਜੰਸੀਜ਼**

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS. IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
" : 2510845
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Registered No. NW/JL—213 MONTHLY WARIAM August 1984
Registered with the registerar of News Papers for India No. 26453/75


# 'POONAM'

**PROUDLY** **PRODUCES**

**LIP-SMACKING**
**EPOCH-MAKING**
**MOUTH-WATERING**

**Delightful** **Delectable** **Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**

**Fully geared to release Shortly Salty Quality Biscuits**

## POONAM BISCUITS PVT. LTD.

**E-23 M.I.D.C. Ind. Area**
**Chikalthana, Aurangabad-431210**

Telephone : 8797
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਜੀਤ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ
Monthly WARIAM, Ladowali Road, Jalandhar—144001.

Sri Satguru Jagjit Singh Ji eLibrary NamdhariElibrary@gmail.com